ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਐਤਵਾਰ, 9 ਨਵੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੨੪ ਕੱਤਕ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਤਰਨ-ਤਾਰਨ ਦੇ ਐਸ. ਐਸ. ਪੀ. ਡਾ. ਰਵਜੋਤ ਕੌਰ ਗਰੇਵਾਲ ’ਤੇ ਡਿੱਗੀ ਗਾਜ

# ਅਕਾਲੀ ਦਲ ਦੀ ਸ਼ਿਕਾਇਤ ਮਗਰੋਂ ਚੋਣ ਕਮਿਸ਼ਨ ਨੇ ਕੀਤਾ ਸਸਪੈਂਡ

**ਤਰਨਤਾਰਨ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਤਰਨਤਾਰਨ ਦੇ ਐਸਐਸਪੀ ਡਾ. ਰਵਜੋਤ ਕੌਰ ਗਰੇਵਾਲ ’ਤੇ ਗਾਜ ਡਿੱਗ ਗਈ ਹੈ। ਦੱਸ ਦਈਏ ਕਿ ਭਾਰਤੀ ਚੋਣ ਕਮਿਸ਼ਨ ਨੇ ਐਸਐਸਪੀ ਡਾ. ਰਵਜੋਤ ਕੌਰ ਗਰੇਵਾਲ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਇਸ ਕਾਰਵਾਈ ਮਗਰੋਂ ਹੁਣ ਆਈ ਪੀ. ਐਸ. ਸੁਰਿੰਦਰ ਲਾਂਬਾ ਨੂੰ ਐਸ. ਐਸ. ਪੀ. ਤਰਨਤਾਰਨ



ਲਗਾਇਆ ਗਿਆ ਹੈ। ਇਸ ਤੋਂ ਪਹਿਲਾਂ ਦੀ ਖ਼ਬਰ ਅਨੁਸਾਰ ਅੰਮ੍ਰਿਤਸਰ ਤੋਂ ਕਮਿਸ਼ਨਰ ਆਈਪੀਐਸ ਗੁਰਪ੍ਰੀਤ ਸਿੰਘ ਭੁੱਲਰ ਨੂੰ ਤੁਰੰਤ ਪ੍ਰਭਾਵ ਨਾਲ ਤਰਨਤਾਰਨ ਦਾ ਵਾਧੂ ਚਾਰਜ ਦਿੱਤਾ ਗਿਆ ਸੀ। ਦੱਸ ਦਈਏ ਕਿ ਬੀਤੀ ਦਿਨੀਂ ਸ਼੍ਰੋਮਣੀ ਅਕਾਲੀ ਦਲ ਨੇ ਐਸਐਸਪੀ ਦੀ ਚੋਣ ਕਮਿਸ਼ਨ ਨੂੰ ਸ਼ਿਕਾਇਤ ਦਿੱਤੀ ਸੀ। ਇਸ ਤੋਂ ਬਾਅਦ ਚੋਣ ਕਮਿਸ਼ਨ ਨੂੰ ਐਸਐਸਪੀ ਦੀਆਂ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਸੀ। ਜਿਸ ਤੋਂ ਬਾਅਦ ਹੁਣ ਚੋਣ ਕਮਿਸ਼ਨ ਵੱਲੋਂ ਇਹ ਕਾਰਵਾਈ ਕੀਤੀ ਗਈ ਹੈ। ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਹੈ। ਜਿਸ ਮੁਤਾਬਿਕ ਭਾਰਤੀ ਚੋਣ ਕਮਿਸ਼ਨ ਨੇ ਤਰਨਤਾਰਨ (ਪੰਜਾਬ) ਦੀ ਐਸਐਸਪੀ ਡਾ. ਰਵਜੋਤ ਕੌਰ ਗਰੇਵਾਲ ਨੂੰ ਤੁਰੰਤ ਮੁਅੱਤਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਸੀਪੀ, ਅੰਮ੍ਰਿਤਸਰ, ਸ੍ਰੀ ਗੁਰਪ੍ਰੀਤ ਸਿੰਘ ਭੁੱਲਰ, ਆਈਪੀਐਸ ਨੂੰ ਤੁਰੰਤ ਪ੍ਰਭਾਵ ਨਾਲ ਐਸਐਸਪੀ, ਤਰਨਤਾਰਨ ਦਾ ਵਾਧੂ ਚਾਰਜ ਸੌਂਪਿਆ ਗਿਆ ਹੈ। ਉੱਥੇ ਹੀ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਰਤੀ ਚੋਣ ਕਮਿਸ਼ਨ ਦੇ ਫੈਸਲੇ ਦਾ ਸਵਾਗਤ ਕੀਤਾ। ਉਨ੍ਹਾਂ ਨੇ ਕਿਹਾ ਕਿ ਐਸ. ਐਸ. ਪੀ. ਨੇ ‘ਆਪ’ ਦੀ ਪੋਲਿੰਗ ਏਜੰਟ ਦੇ ਰੂਪ ’ਚ ਕੰਮ ਕਰਕੇ ਤਰਨਤਾਰਨ ਜ਼ਿਮਨੀ ਚੋਣ ’ਚ ਮਾਹੌਲ ਖ਼ਰਾਬ ਕੀਤਾ ਸੀ। ਐਸ. ਐਸ. ਪੀ. ਰਵਜੋਤ ਗਰੇਵਾਲ ਅਕਾਲੀ ਆਗੂਆਂ ਅਤੇ ਵਰਕਰਾਂ ਵਿਰੁੱਧ ਝੂਠੇ ਕੇਸ ਦਰਜ ਕਰਵਾ ਕੇ ਧਮਕਾ ਰਹੀ ਸੀ। ਅਕਾਲੀ ਦਲ ਦੀ ਸ਼ਿਕਾਇਤ ’ਤੇ ਕਾਰਵਾਈ ਕਰਨ ਅਤੇ ਮਾਮਲੇ ਦੀ ਸੂਚਨਾ ECI ਨੂੰ ਦੇਣ ਲਈ ਚੋਣ ਆਬਜ਼ਰਵਰ ਦਾ ਧੰਨਵਾਦ ਕਰਦਾ ਹਾਂ। ਇਸ ਤੋਂ ਇਲਾਵਾ ਉਨ੍ਹਾਂ ਨੇ ਰਵਜੋਤ ਗਰੇਵਾਲ ਖਿਲਾਫ਼ ਜਾਂਚ ਸ਼ੁਰੂ ਕਰਨ ਅਤੇ ਬਰਖਾਸਤਗੀ ਸਮੇਤ ਅਨੁਸ਼ਾਸਨੀ ਕਾਰਵਾਈ ਦੀ ਮੰਗ ਕੀਤੀ ਹੈ। ਕਾਬਿਲੇਗੌਰ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਮੁੱਖ ਚੋਣ ਅਫਸਰ ਕੋਲ ਤਰਨਤਾਰਨ ਦੇ ਐਸਐਸਪੀ ਡਾ. ਰਵਜੋਤ ਕੌਰ ਗਰੇਵਾਲ ਖਿਲਾਫ ਸ਼ਿਕਾਇਤ ਦਰਜ ਕਰਵਾਈ ਸੀ ਅਤੇ ਕਿਹਾ ਸੀ ਕਿ ਤਰਨ ਤਾਰਨ ਜ਼ਿਮਨੀ ਚੋਣ ਵਿਚ ਪੁਲਿਸ ਫੋਰਸ ਦੀ ਦੁਰਵਰਤੋਂ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਕੇਡਰ ਦੇ ਖਿਲਾਫ ਝੂਠੀਆਂ ਅਤੇ ਆਧਾਰਹੀਣ ਐਫਆਈਆਰ ਦਰਜ ਕਰਵਾਉਣ ਲਈ ਕੀਤੀ ਜਾ ਰਹੀ ਹੈ।




## ਵਾਰਸ ਪੰਜਾਬ ਦੇ ਜਥੇਬੰਦੀ ਦੇ ਇਲੈਕਸ਼ਨ ਇੰਚਾਰਜ ’ਤੇ ਜਾਨਲੇਵਾ ਹਮਲਾ, ਭਿਆਨਕ ਅੱਗ ’ਚ ਝੁਲਸੇ

**ਤਰਨਤਾਰਨ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਤਰਨਤਾਰਨ ਵਿਖੇ ਹੋ ਰਹੀ ਜ਼ਿਮਨੀ ਚੋਣਾਂ ਦੌਰਾਨ ਇੱਕ ਵੱਡੀ ਘਟਨਾ ਸਾਹਮਣੇ ਆਈ ਹੈ। ਅਕਾਲੀ ਦਲ ਵਾਰਸ ਪੰਜਾਬ ਜਥੇਬੰਦੀ ਦੇ ਇਲੈਕਸ਼ਨ ਇੰਚਾਰਜ ਸੁਖਦੇਵ ਸਿੰਘ ‘ਤੇ ਅੰਮ੍ਰਿਤਸਰ ਹਾਈਵੇਅ ‘ਤੇ ਜਾਨਲੇਵਾ ਹਮਲਾ ਕੀਤਾ ਗਿਆ। ਜਾਣਕਾਰੀ ਅਨੁਸਾਰ, ਉਨ੍ਹਾਂ ਦੀ ਗੱਡੀ ‘ਤੇ ਪੈਟਰੋਲ ਨੁਮਾ ਬੰਬ ਸੁੱਟਿਆ ਗਿਆ, ਜਿਸ ਨਾਲ ਗੱਡੀ ਭਿਆਨਕ ਅੱਗ ਦੀ ਲਪੇਟ ‘ਚ ਆ ਗਈ। ਸੁਖਦੇਵ ਸਿੰਘ ਨੇ ਜੱਦੋਜਹਿਦ ਨਾਲ ਆਪਣੀ ਜਾਨ ਬਚਾਈ, ਪਰ ਇਸ ਦੌਰਾਨ ਉਹ ਅੱਗ ਦੀਆਂ ਲਪਟਾਂ ਨਾਲ ਝੁਲਸ ਗਏ। ਇਸ ਵੇਲੇ ਉਹ ਇੱਕ ਨਿੱਜੀ ਹਸਪਤਾਲ ‘ਚ ਇਲਾਜ ਹੇਠ ਹਨ। ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਦਿੱਤੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਮਾਮਲੇ ਦੀ ਨਿਰਪੱਖ ਜਾਂਚ ਹੋਵੇ ਤੇ ਦੋਸ਼ੀਆਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਤਰਸੇਮ ਸਿੰਘ ਨੇ ਸ਼ੱਕ ਜਤਾਇਆ ਹੈ ਕਿ ਇਹ ਹਮਲਾ ਜ਼ਿਮਨੀ ਚੋਣ ਨਾਲ ਸੰਬੰਧਤ ਕਿਸੇ ਵਿਰੋਧੀ ਪਾਰਟੀ ਵੱਲੋਂ ਕਰਵਾਇਆ ਗਿਆ ਹੋ ਸਕਦਾ ਹੈ।

## ਸ਼੍ਰੋਮਣੀ ਕਮੇਟੀ ਨੇ ਪੰਜਾਬ ਸਰਕਾਰ ਨੂੰ ਕੀਰਤਨ ਦਰਬਾਰ ਆਯੋਜਿਤ ਕਰਨ ਦੀ ਨਹੀਂ ਦਿੱਤੀ ਇਜਾਜ਼ਤ

**ਅੰਮ੍ਰਿਤਸਰ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਸਰਕਾਰ ਨੂੰ ਕਮੇਟੀ ਦੇ ਪ੍ਰਬੰਧ ਅਧੀਨ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦੇ ਵਿੱਚ ਕੀਰਤਨ ਦਰਬਾਰ ਕਰਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਿਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਰਿਆਦਾ ਨੂੰ ਮੁੱਖ ਰੱਖਦਿਆਂ ਫੈਸਲਾ ਲਿਆ ਗਿਆ ਹੈ। ਦੱਸ ਦਈਏ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਸਮੇਤ ਵੱਖ ਵੱਖ ਸਥਾਨਾਂ ਤੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦੇ ਵਿੱਚ ਕੀਰਤਨ ਦਰਬਾਰ ਦਾ ਆਯੋਜਨ ਕਰਨ ਸਬੰਧੀ ਸ਼੍ਰੋਮਣੀ ਕਮੇਟੀ ਤੋਂ ਇਜਾਜ਼ਤ ਮੰਗੀ ਗਈ ਸੀ। ਕਾਬਿਲੇਗੌਰ ਹੈ ਕਿ ਸ਼੍ਰੀਨਗਰ ਵਿਖੇ ਪੰਜਾਬ ਸਰਕਾਰ ਵੱਲੋਂ ਸ਼੍ਰੀਨਗਰ ਵਿਖੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਵਿੱਚ ਬੇਅਦਬੀ ਹੋਈ ਸੀ। ਇਸ ਮਗਰੋਂ ਮਾਮਲਾ ਕਾਫੀ ਗਰਮਾਇਆ ਸੀ ਨਾਲ ਹੀ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਧਾਰਮਿਕ ਸਜ਼ਾ ਸੁਣਾਈ ਗਈ ਸੀ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਅਨੁਸਾਰ ਧਾਰਮਿਕ ਸਮਾਗਮਾਂ ਅਤੇ ਕੀਰਤਨ ਦਰਬਾਰ ਦਾ ਆਯੋਜਨ ਕਰਨਾ ਜਾਂ ਫਿਰ ਨਗਰ ਕੀਰਤਨ ਸਜਾਉਣਾ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਰਜ ਖੇਤਰ ਹੈ। ਸੂਬਾ ਸਰਕਾਰ ਇਸ ਵਿੱਚ ਦਖਲ ਅੰਦਾਜੀ ਕਰਨ ਦੀ ਥਾਂ ਸ਼੍ਰੋਮਣੀ ਕਮੇਟੀ ਨੂੰ ਸਹਿਯੋਗ ਦੇ ਕੇ ਆਪਣੀ ਜਿੰਮੇਵਾਰੀ ਪੂਰੀ ਕਰੇ।




## ਆਪ ਦਾ ਭਗੌੜਾ ਵਿਧਾਇਕ ਪਠਾਨਮਾਜਰਾ ਪਹੁੰਚਿਆ ਆਸਟ੍ਰੇਲੀਆ, ਕਿਹਾ- ਡੰਮੀ ਨੇ ਸਾਰੇ ਮੰਤਰੀ ਤੇ ਕਿਸੇ ਵਿਧਾਇਕ ਦੀ ਨਹੀਂ ਪੰਜ ਪੈਸੇ ਦੀ ਔਕਾਤ

**ਸਿਡਨੀ/ਚੰਡੀਗੜ੍ਹ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਪਟਿਆਲਾ ਜ਼ਿਲ੍ਹੇ ਦੇ ਸਨੌਰ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਪਠਾਨਮਾਜਰਾ ਆਸਟ੍ਰੇਲੀਆ ਭੱਜ




ਗਏ ਹਨ। ਉਹ ਬਲਾਤਕਾਰ ਦੇ ਇੱਕ ਮਾਮਲੇ ਵਿੱਚ ਗ੍ਰਿਫ਼ਤਾਰੀ ਤੋਂ ਬਚਦੇ ਹੋਏ ਹਰਿਆਣਾ ਦੇ ਕਰਨਾਲ ਤੋਂ ਭੱਜ ਗਏ ਸਨ। ਇਹ ਖ਼ਬਰ ਪਠਾਨਮਾਜਰਾ ਵਿਰੁੱਧ ਪਹਿਲਾਂ ਹੀ ਲੁੱਕਆਊਟ ਨੋਟਿਸ ਜਾਰੀ ਹੋਣ ਤੋਂ ਬਾਅਦ ਆਈ ਹੈ। ਪਠਾਨਮਾਜਰਾ ਨੇ ਆਸਟ੍ਰੇਲੀਆ ਵਿੱਚ ਇੱਕ ਨਿੱਜੀ ਚੈਨਲ ਨੂੰ ਇੰਟਰਵਿਊ ਦਿੱਤਾ ਤੇ ਪੰਜਾਬ ਦੇ ਮੁੱਖ ਮੰਤਰੀ ਦੀ ਉਨ੍ਹਾਂ ਵਿਰੁੱਧ ਕੀਤੀਆਂ ਜਾ ਰਹੀਆਂ ਕਾਰਵਾਈਆਂ ਲਈ ਆਲੋਚਨਾ ਕੀਤੀ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਗੈਰਤਜਰਬੇਕਾਰ ਕਿਹਾ ਅਤੇ ਕਿਹਾ ਕਿ ਸੂਬੇ ਦੇ ਮੰਤਰੀ ਅਤੇ ਵਿਧਾਇਕ ਸਿਰਫ਼ ਕਠਪੁਤਲੀਆਂ ਬਣ ਗਏ ਹਨ। ਵਿਧਾਇਕਾਂ ਦੀ ਸਰਕਾਰ ਵਿੱਚ ਪੰਜ ਪੈਸੇ ਦੀ ਔਕਾਤ ਨਹੀਂ ਹੈ। ਇਹ ਇੰਟਰਵਿਊ 7 ਨਵੰਬਰ ਨੂੰ ਨਿੱਜੀ ਚੈਨਲ ’ਤੇ ਅਪਲੋਡ ਕੀਤਾ ਗਿਆ ਸੀ। ਪਠਾਨਮਾਜਰਾ ਨੇ ਕਿਹਾ ਕਿ ਉਹ ਇਸ ਸਮੇਂ ਆਸਟ੍ਰੇਲੀਆ ਵਿੱਚ ਹਨ। “ਮੈਂ ਇਸ ਸਮੇਂ ਕਿਸੇ ਦੇ ਸੰਪਰਕ ਵਿੱਚ ਨਹੀਂ ਹਾਂ। ਜ਼ਮਾਨਤ ਮਿਲਣ ਤੋਂ ਬਾਅਦ, ਮੈਂ ਆਪਣੇ ਹਲਕੇ ਵਿੱਚ ਜਾਵਾਂਗਾ ਤੇ ਲੋਕਾਂ ਨਾਲ ਮਿਲ ਕੇ ਆਪਣੇ ਅਗਲੇ ਕਦਮ ਤੈਅ ਕਰਾਂਗਾ।” ਪਠਾਨਮਾਜਰਾ ਨੇ ਇਹ ਵੀ ਕਿਹਾ ਕਿ ਪੰਜਾਬ ਵਿੱਚ ਔਰਤਾਂ ਨੂੰ 1,000 ਰੁਪਏ ਦੇਣ ਦੀ ਬਜਾਏ, ਉਹ ਬਿਹਾਰ ਜਾ ਰਹੇ ਹਨ ਤੇ 3,000 ਰੁਪਏ ਦੇਣ ਦਾ ਵਾਅਦਾ ਕਰ ਰਹੇ ਹਨ। ਇਹ ਉਨ੍ਹਾਂ ਦਾ ਝੂਠ ਬੋਲਣ ਦਾ ਸਿਸਟਮ ਹੈ। ਹਾਲਾਂਕਿ, ਇਸ ਮਾਮਲੇ ਵਿੱਚ ਆਮ ਆਦਮੀ ਪਾਰਟੀ ਜਾਂ ਸਰਕਾਰ ਵੱਲੋਂ ਅਜੇ ਤੱਕ ਕੋਈ ਜਵਾਬ ਨਹੀਂ ਆਇਆ ਹੈ। 3 ਸਤੰਬਰ ਨੂੰ ਪਟਿਆਲਾ ਦੇ ਸਿਵਲ ਲਾਈਨਜ਼ ਪੁਲਿਸ ਸਟੇਸ਼ਨ ਵਿੱਚ ‘ਆਪ’ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਸੀ। ਦੋਸ਼ ਹੈ ਕਿ ਉਨ੍ਹਾਂ ਨੇ ਤਲਾਕਸ਼ੁਦਾ ਹੋਣ ਦਾ ਦਾਅਵਾ ਕਰਕੇ ਇੱਕ ਔਰਤ ਨੂੰ ਧੋਖਾ ਦਿੱਤਾ। ਪੁਲਿਸ ਅਨੁਸਾਰ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ ਡਾਬਰੀ ਪਿੰਡ ਵਿੱਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਸਮਰਥਕਾਂ ਨੇ ਪੁਲਿਸ ’ਤੇ ਗੋਲੀਆਂ ਚਲਾਈਆਂ ਅਤੇ ਪੱਥਰਬਾਜ਼ੀ ਕੀਤੀ। ਹੰਗਾਮੇ ਦੌਰਾਨ ਪਠਾਨਮਾਜਰਾ ਇੱਕ ਸਕਾਰਪੀਓ ਅਤੇ ਇੱਕ ਫਾਰਚੂਨਰ ਗੱਡੀ ਵਿੱਚ ਭੱਜ ਗਏ।

## ਪੰਜਾਬ ਯੂਨੀਵਰਸਿਟੀ ’ਚ ਅਣਐਲਾਨੀ ਐਮਰਜੈਂਸੀ ! ਯੂਨੀਵਰਸਿਟੀ ਪ੍ਰਸ਼ਾਸਨ ਨੇ ਗੈਸਟ ਹਾਊਸ ਕੀਤਾ ਤਾਲਾਬੰਦ



**ਚੰਡੀਗੜ੍ਹ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਅੱਜ ਤਾਨਾਸਾਹੀ ਅਤੇ ਅਣਐਲਾਨੀ ਐਮਰਜੈਂਸੀ ਵਰਗੀ ਸਥਿਤੀ ਬਣ ਗਈ ਹੈ। ਪੰਜਾਬੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ 10 ਨਵੰਬਰ ਨੂੰ ਹੋਣ ਵਾਲੇ ਇੱਕਠ ਨੂੰ ਰੋਕਣ ਲਈ ਯੂਨੀਵਰਸਿਟੀ ਦੇ ਗੈਸਟ ਹਾਊਸ ਨੂੰ ਤਾਲਾਬੰਦ ਕਰ ਦਿੱਤਾ ਹੈ। ਯੂਨੀਵਰਸਿਟੀ ਪ੍ਰਸ਼ਾਸਨ ਦੇ ਇਸ ਕਦਮ ਨਾਲ ਪੁਰਾਣੇ ਵਿਦਿਆਰਥੀਆਂ (ਅਲੂਮਨਾਈ) ਅਤੇ ਬਾਹਰੀ ਸ਼ਖਸੀਅਤਾਂ ਨੂੰ ਕੈਂਪਸ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਹੈ। ਯੂਨੀਵਰਸਿਟੀ ਵਿੱਚ ਦਾਖਲੇ ਲਈ ਸਖ਼ਤ ਨਿਯੰਤਰਣ ਲਗਾ ਦਿੱਤੇ ਗਏ ਹਨ ਅਤੇ ਪ੍ਰਬੰਧਕਾਂ ਦੇ ਇਸ ਫ਼ੈਸਲੇ ਨੇ ਵਿਦਿਆਰਥੀਆਂ ਅਤੇ ਸਾਬਕਾ ਮੈਂਬਰਾਂ ਵਿੱਚ ਨਾਰਾਜ਼ਗੀ ਪੈਦਾ ਕਰ ਦਿੱਤੀ ਹੈ। ਵਿਦਿਆਰਥੀ ਸੰਗਠਨਾਂ ਅਤੇ ਸਾਬਕਾ ਸੀਨੇਟ ਮੈਂਬਰਾਂ ਦਾ ਕਹਿਣਾ ਹੈ ਕਿ ਪ੍ਰਬੰਧਨ ਵੱਲੋਂ ਇਹ ਫ਼ੈਸਲਾ ਲੋਕਤੰਤਰਕੀ ਅਧਿਕਾਰਾਂ ਦਾ ਉਲੰਘਣ ਹੈ ਅਤੇ ਯੂਨੀਵਰਸਿਟੀ ਵਿੱਚ ਵਿਅਕਤੀ ਦੀ ਆਜ਼ਾਦੀ ’ਤੇ ਪਾਬੰਦੀ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੱਸ ਦਈਏ ਕਿ ਇਸ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਨੇ ਬਾਹਰੀ ਲੋਕਾਂ ਤੇ ਵਾਹਨਾਂ ਦੀ ਐਂਟਰੀ ’ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਲਈ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਨੂੰ ਆਈਡੀ ਕਾਰਡ ਪਾ ਕੇ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਕਿਸੇ ਵੀ ਬਾਹਰਲੇ ਵਿਅਕਤੀ ਦੀ ਯੂਨੀਵਰਸਿਟੀ ਕੈਂਪਸ ’ਚ ਆਉਣ ਦੀ ਇਜ਼ਾਜਤ ਨਹੀਂ ਹੋਵੇਗੀ। ਕਾਬਿਲੇਗੌਰ ਹੈ ਕਿ ਵਿਦਿਆਰਥੀਆਂ ਵੱਲੋਂ 10 ਨਵੰਬਰ ਨੂੰ ਪੰਜਾਬ ਯੂਨੀਵਰਸਿਟੀ ’ਚ ਵੱਡਾ ਇੱਕਠ ਰੱਖਿਆ ਗਿਆ ਹੈ। ਜਿਸ ਮਗਰੋਂ ਪੰਜਾਬ ਯੂਨੀਵਰਸਿਟੀ ਵੱਲੋਂ ਇਹ ਨਿਰਦੇਸ਼ ਜਾਰੀ ਕੀਤੇ ਗਏ ਹਨ। ਉੱਥੇ ਹੀ ਜੇਕਰ ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨ ਦੀ ਗੱਲ ਕਰੀਏ ਤਾਂ ਉਨ੍ਹਾਂ ਵੱਲੋਂ ਸੈਨੇਟ ਤੇ ਸਿੰਡੀਕੇਟ ਦੀ ਬਹਾਲੀ ਦੀ ਮੰਗ ਲਈ ਸ਼ਾਂਤਮਈ ਪ੍ਰਦਰਸ਼ਨ ਚੱਲ ਰਿਹਾ ਹੈ। ਬੀਤੇ ਦਿਨ ਕੇਂਦਰ ਸਰਕਾਰ ਨੇ ਇਸ ਸਬੰਧੀ ਆਪਣਾ ਯੂ ਟਰਨ ਲਿਆ ਜਿਸ ਮੁਤਾਬਿਕ ਸੈਨੇਟ ਤੇ ਸਿੰਡੀਕੇਟ ’ਚ ਬਦਲਾਅ ਨਹੀਂ ਹੋਵੇਗਾ।

## ਕਪਿਲ ਸ਼ਰਮਾ ਦੇ ਕੈਫੇ ’ਤੇ ਗੋਲੀਬਾਰੀ ਕਰਨ ਵਾਲਿਆਂ ਨੂੰ ਦਿੱਤਾ ਜਾਵੇਗਾ ਕੈਨੇਡਾ ਤੋਂ ਦੇਸ਼ ਨਿਕਾਲਾ, ਲਾਰੈਂਸ ਗੈਂਗ ਦੇ ਮੈਂਬਰ ਨੇ ਤਿੰਨੋਂ ਦੋਸ਼ੀ

**ਨਵੀਂ ਦਿੱਲੀ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਕੈਨੇਡੀਅਨ ਸਰਕਾਰ ਨੇ ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਫੇ, ਕੇਪਸ ਕੈਫੇ ’ਤੇ ਗੋਲੀਬਾਰੀ ਕਰਨ ਵਾਲੇ ਤਿੰਨ



ਅਪਰਾਧੀਆਂ ਲਈ ਦੇਸ਼ ਨਿਕਾਲਾ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਦੀ ਪਛਾਣ ਅਜੇ ਤੱਕ ਸਾਹਮਣੇ ਨਹੀਂ ਆਈ ਹੈ। ਵਿਦੇਸ਼ੀ ਮੀਡੀਆ ਰਿਪੋਰਟਾਂ ਦੇ ਅਨੁਸਾਰ, ਸਾਰੇ ਦੋਸ਼ੀ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਹੋਏ ਹਨ, ਜਿਸਨੂੰ ਹਾਲ ਹੀ ਵਿੱਚ ਇੱਕ ਅੱਤਵਾਦੀ ਸੰਗਠਨ ਨਾਮਜ਼ਦ ਕੀਤਾ ਗਿਆ ਸੀ। ਇਹ ਕਾਰਵਾਈ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੁਆਰਾ ਕੀਤੀ ਗਈ ਸੀ। ਬ੍ਰਿਟਿਸ਼ ਕੋਲੰਬੀਆ ਵਿੱਚ ਪੰਜਾਬੀ ਮੂਲ ਦੇ ਕਾਰੋਬਾਰੀ ਮਾਲਕਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਜਬਰਦਸਤੀ ਨੈੱਟਵਰਕ ਦੀ ਜਾਂਚ ਤੋਂ ਬਾਅਦ ਏਜੰਸੀ ਨੇ ਤਿੰਨ ਭਾਰਤੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦਿੱਤਾ। 7 ਨਵੰਬਰ ਨੂੰ ਐਲਾਨੇ ਗਏ ਦੇਸ਼ ਨਿਕਾਲੇ, CBSA, RCMP ਅਤੇ ਸਥਾਨਕ ਪੁਲਿਸ ਏਜੰਸੀਆਂ ਦੇ ਸਾਂਝੇ ਆਪ੍ਰੇਸ਼ਨ, 23 ਐਕਸਟੋਰਸ਼ਨ ਟਾਸਕ ਫੋਰਸ ਦੇ ਅਧੀਨ ਕੀਤੇ ਗਏ ਪਹਿਲੇ ਹਨ। 40 ਮੈਂਬਰੀ ਟਾਸਕ ਫੋਰਸ ਇਸ ਸਾਲ ਦੇ ਸ਼ੁਰੂ ਵਿੱਚ ਸੂਬੇ ਵਿੱਚ ਕੰਮ ਕਰ ਰਹੇ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਸਮੂਹਾਂ ਦੇ ਵਿਰੁੱਧ ਖੁਫੀਆ ਜਾਣਕਾਰੀ ਤੇ ਲਾਗੂ ਕਰਨ ਦੇ ਯਤਨਾਂ ਦਾ ਤਾਲਮੇਲ ਕਰਨ ਲਈ ਸਥਾਪਿਤ ਕੀਤੀ ਗਈ ਸੀ। CBSA ਅਧਿਕਾਰੀਆਂ ਦੇ ਅਨੁਸਾਰ, 78 ਵਾਧੂ ਵਿਦੇਸ਼ੀ ਨਾਗਰਿਕ ਇਸ ਸਮੇਂ ਕੈਨੇਡਾ ਵਿੱਚ ਦਾਖਲ ਹੋਣ ਦੀ ਸ਼ੱਕੀ ਅਯੋਗਤਾ ਲਈ ਇਮੀਗ੍ਰੇਸ਼ਨ ਜਾਂਚ ਅਧੀਨ ਹਨ, ਜਿਸ ਵਿੱਚ ਜਬਰਦਸਤੀ ਦੇ ਮਾਮਲਿਆਂ ਨਾਲ ਸਬੰਧਤ ਅਪਰਾਧਿਕ ਗਤੀਵਿਧੀਆਂ ਨਾਲ ਸੰਭਾਵਿਤ ਸਬੰਧ ਸ਼ਾਮਲ ਹਨ। 2025 ਦੀ ਸ਼ੁਰੂਆਤ ਤੋਂ ਬ੍ਰਿਟਿਸ਼ ਕੋਲੰਬੀਆ ਵਿੱਚ ਜਬਰਦਸਤੀ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਅਪਰਾਧੀ ਕਾਰੋਬਾਰੀ ਮਾਲਕਾਂ ਤੋਂ ਕ੍ਰਿਪਟੋਕਰੰਸੀ ਭੁਗਤਾਨਾਂ ਦੀ ਮੰਗ ਕਰਨ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰ ਰਹੇ ਹਨ। ਜੇਕਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਤਾਂ ਉਹ ਹਿੰਸਾ ਅਤੇ ਅੱਗਜ਼ਨੀ ਦਾ ਸਹਾਰਾ ਲੈਂਦੇ ਹਨ। ਸਰੀ, ਲੋਅਰ ਮੇਨਲੈਂਡ ਅਤੇ ਫਰੇਜ਼ਰ ਵੈਲੀ ਵਿੱਚ ਕਈ ਛੋਟੇ ਕਾਰੋਬਾਰਾਂ ’ਤੇ ਹਮਲੇ ਕੀਤੇ ਗਏ ਹਨ, ਜਿਸ ਵਿੱਚ ਸਰੀ ਵਿੱਚ ਅਕਸਰ ਨਿਸ਼ਾਨਾ ਬਣਾਇਆ ਜਾਂਦਾ ਕੇਪਸ ਕੈਫੇ ਵੀ ਸ਼ਾਮਲ ਹੈ। ਹਾਲਾਂਕਿ ਅਧਿਕਾਰੀਆਂ ਨੇ ਦੇਸ਼ ਨਿਕਾਲਾ ਦਿੱਤੇ ਗਏ ਵਿਅਕਤੀਆਂ ਦੀ ਪਛਾਣ, ਕੌਮੀਅਤ ਜਾਂ ਮੰਜ਼ਿਲਾਂ ਦਾ ਜਨਤਕ ਤੌਰ ’ਤੇ ਖੁਲਾਸਾ ਨਹੀਂ ਕੀਤਾ ਹੈ, ਕਾਨੂੰਨ ਲਾਗੂ ਕਰਨ ਵਾਲੇ ਸਰੋਤ ਦਰਸਾਉਂਦੇ ਹਨ ਕਿ ਇਸ ਨੈੱਟਵਰਕ ਵਿੱਚ ਸ਼ਾਮਲ ਬਹੁਤ ਸਾਰੇ ਪੀੜਤ ਅਤੇ ਅਪਰਾਧੀ ਪੰਜਾਬੀ ਮੂਲ ਦੇ ਹਨ।

## ਸ਼੍ਰੀ ਤਰਨ ਤਾਰਨ ਜ਼ਿਮਨੀ ਚੋਣ 2025

# ਪੰਥਕ ਹਲਕੇ ਦੇ ਵੋਟਰਾਂ ਨੂੰ ਅਪੀਲ

ਇੰਟਰਨੈਸ਼ਨਲ ਪੰਥਕ ਦਲ INTERNATIONAL PANTHIC DAL

# ਪਾਰਟੀਬਾਜੀ ਤੋਂ ਉੱਪਰ ਉੱਠ ਕੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਵੋਟ ਪਾਉਣ : ਇੰਟਰਨੈਸ਼ਨਲ ਪੰਥਕ ਦਲ



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ (ਬਾਨੀ ਇੰਟਰਨੈਸ਼ਨਲ ਪੰਥਕ ਦਲ) ਅਤੇ ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ



ਭਾਈ ਪਰਮਜੀਤ ਸਿੰਘ ਢਾਡੀ ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ ਇੰਟਰਨੈਸ਼ਨਲ ਪੰਥਕ ਦਲ



ਭਾਈ ਰਘਵੀਰ ਸਿੰਘ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂ.ਕੇ.



ਭਾਈ ਕਪਤਾਨ ਸਿੰਘ ਜਰਨਲ ਸਕੱਤਰ ਤੇ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ ਯੂ.ਕੇ.

**ਲਵਰਹੈਪਟਨ (ਇੰਗਲੈਂਡ)** — ਸ਼੍ਰੀ ਤਰਨ ਤਾਰਨ ਸਾਹਿਬ — ਪੰਥਕ ਏਕਤਾ ਅਤੇ ਖਾਲਸਾ ਮਰਿਆਦਾ ਦੇ ਸੁਨੇਹੇ ਨਾਲ ਜੁੜੇ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸ਼੍ਰੀ ਤਰਨ ਤਾਰਨ ਸਾਹਿਬ ਹਲਕੇ ਵਿੱਚ ਹੋ ਰਹੀ ਜ਼ਿਮਨੀ ਚੋਣ ਸਬੰਧੀ ਇੱਕ ਮਹੱਤਵਪੂਰਨ ਬਿਆਨ ਜਾਰੀ ਕੀਤਾ ਗਿਆ ਹੈ। ਦਲ ਨੇ ਪੰਥਕ ਹਲਕੇ ਦੇ ਸੂਝਵਾਨ ਅਤੇ ਜਾਗਰੂਕ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਾਰਟੀਬਾਜੀ, ਵਿਅਕਤੀਗਤ ਰੁਝਾਨਾਂ ਅਤੇ ਰਾਜਨੀਤਿਕ ਸਵਾਰਥਾਂ ਤੋਂ ਉੱਪਰ ਉੱਠ ਕੇ ਆਪਣੀ ਵੋਟ ਕੇਵਲ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਪਾਉਣ। ਇਹ ਸਾਂਝਾ ਬਿਆਨ ਭਾਈ ਪਰਮਜੀਤ ਸਿੰਘ ਢਾਡੀ, ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ ਇੰਟਰਨੈਸ਼ਨਲ ਪੰਥਕ ਦਲ, ਭਾਈ ਰਘਵੀਰ ਸਿੰਘ, ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂ.ਕੇ., ਅਤੇ ਭਾਈ ਕਪਤਾਨ ਸਿੰਘ, ਜਰਨਲ ਸਕੱਤਰ ਤੇ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ।

**ਵਾਰਿਸ ਪੰਜਾਬ ਅਕਾਲੀ ਦਲ ਦਾ ਪੰਥਕ ਉਮੀਦਵਾਰ** : ਇੰਟਰਨੈਸ਼ਨਲ ਪੰਥਕ ਦਲ ਦੇ ਆਗੂਆਂ ਨੇ ਦੱਸਿਆ ਕਿ ਵਾਰਿਸ ਪੰਜਾਬ ਅਕਾਲੀ ਦਲ ਨੇ ਸ਼੍ਰੀ ਤਰਨ ਤਾਰਨ ਹਲਕੇ ਤੋਂ ਹੋ ਰਹੀ ਜ਼ਿਮਨੀ ਚੋਣ ਵਿੱਚ ਆਪਣੇ ਉਮੀਦਵਾਰ ਵਜੋਂ ਭਾਈ ਸੰਦੀਪ ਸਿੰਘ ਸੱਨੀ ਦੇ ਭਰਾ ਭਾਈ ਮਨਦੀਪ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਭਾਈ ਸੰਦੀਪ ਸਿੰਘ ਸੱਨੀ ਇਸ ਸਮੇਂ ਜੇਲ੍ਹ ਵਿੱਚ ਬੰਦ ਹਨ ਅਤੇ ਉਹਨਾਂ ਦਾ ਪੰਥਕ ਤੇ ਜਨਤਕ ਯੋਗਦਾਨ ਕਾਫ਼ੀ ਮਹੱਤਵਪੂਰਨ ਰਿਹਾ ਹੈ। ਉਨ੍ਹਾਂ ਦੀ ਗੈਰਹਾਜ਼ਰੀ ਵਿੱਚ, ਉਨ੍ਹਾਂ ਦੇ ਭਰਾ ਭਾਈ ਮਨਦੀਪ ਸਿੰਘ ਨੇ ਪੰਥਕ ਸਿਧਾਂਤਾਂ ਦੀ ਰੱਖਿਆ ਅਤੇ ਲੋਕ ਸੇਵਾ ਨੂੰ ਅਗੇ ਵਧਾਉਣ ਦਾ ਸੰਕਲਪ ਲਿਆ ਹੈ। ਪੰਥਕ ਦਲ ਦੇ ਆਗੂਆਂ ਨੇ ਕਿਹਾ ਕਿ ਭਾਈ ਮਨਦੀਪ ਸਿੰਘ ਇੱਕ ਸਿੱਖ ਅਦਰਸ਼ਾਂ, ਸੱਚਾਈ ਅਤੇ ਸੇਵਾ ਦੇ ਪੱਖਦਾਰ ਉਮੀਦਵਾਰ ਹਨ, ਜਿਨ੍ਹਾਂ ਨੇ ਹਮੇਸ਼ਾਂ ਗੁਰੂ ਘਰਾਂ, ਸੰਗਤਾਂ ਅਤੇ ਪੰਥਕ ਮੁਹਿੰਮਾਂ ਵਿੱਚ ਭਾਗ ਲਿਆ ਹੈ।

**ਪੰਥਕ ਏਕਤਾ ਦੀ ਲੋੜ** : ਭਾਈ ਪਰਮਜੀਤ ਸਿੰਘ ਢਾਡੀ, ਭਾਈ ਰਘਵੀਰ ਸਿੰਘ ਅਤੇ ਭਾਈ ਕਪਤਾਨ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਥ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਉਹਨਾਂ ਕਿਹਾ — "ਇਹ ਚੋਣ ਸਿਰਫ਼ ਇੱਕ ਵਿਧਾਨ ਸਭਾ ਸੀਟ ਦੀ ਨਹੀਂ, ਸਗੋਂ ਪੰਥਕ ਸੋਚ ਅਤੇ ਗੁਰੂ ਸਿੱਖੀ ਅਦਰਸ਼ਾਂ ਦੀ ਜਿੱਤ ਦੀ ਚੋਣ ਹੈ। ਅਸੀਂ ਸਾਰਿਆਂ ਨੂੰ ਇਹ ਸੂਝਬੂਝ ਨਾਲ ਫੈਸਲਾ ਕਰਨਾ ਚਾਹੀਦਾ ਹੈ ਕਿ ਕਿਹੜਾ ਉਮੀਦਵਾਰ ਗੁਰੂ ਸਾਹਿਬ ਦੀ ਰਹਿਤ ਤੇ ਪੰਥ ਦੀ ਆਬਰੂ ਨੂੰ ਕਾਇਮ ਰੱਖ ਸਕਦਾ ਹੈ।" ਉਹਨਾਂ ਹੋਰ ਕਿਹਾ ਕਿ ਪੰਥਕ ਧਿਰਾਂ, ਸਮਾਜਕ ਜਥੇਬੰਦੀਆਂ ਤੇ ਗੁਰਮਤਿ ਪ੍ਰੇਮੀ ਸੰਗਤਾਂ ਵੱਲੋਂ ਵੀ ਭਾਈ ਮਨਦੀਪ ਸਿੰਘ ਦੀ ਖੁੱਲ੍ਹੀ ਹਮਾਇਤ ਕੀਤੀ ਜਾ ਰਹੀ ਹੈ, ਜੋ ਪੰਥਕ ਏਕਤਾ ਦਾ ਸਪਸ਼ਟ ਪ੍ਰਤੀਕ ਹੈ।

**ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਦਾ ਮਹੱਤਵ** : ਆਗੂਆਂ ਨੇ ਕਿਹਾ ਕਿ ਤਰਨ ਤਾਰਨ ਸਾਹਿਬ ਦੀ ਧਰਤੀ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀ ਚਰਨ ਛੋਹ ਧਰਤੀ ਹੈ, ਜੋ ਖਾਲਸਾ ਰਾਜ ਦੇ ਸਮੇਂ ਸਿੱਖ ਰਾਜਧਾਨੀ ਦਾ ਮਾਣ ਰੱਖਦੀ ਆਈ ਹੈ। ਇਸ ਲਈ ਮਾਝੇ ਦੇ ਸੂਝਵਾਨ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਇਸ ਧਰਤੀ ਦੀ ਰਵਾਇਤ ਨੂੰ ਜ਼ਿੰਦਾ ਰੱਖਦਿਆਂ ਪੰਥਕ ਝੰਡੇ ਹੇਠ ਇਕੱਠੇ ਹੋਣ। ਉਹਨਾਂ ਕਿਹਾ ਕਿ ਇਹ ਚੋਣ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਪੰਥਕ ਆਤਮਗੌਰਵ ਦੀ ਪ੍ਰਤੀਕ ਚੋਣ ਹੈ। ਜੇ ਮਾਝੇ ਦੇ ਸਿੱਖ ਇਕਜੁੱਟ ਹੋ ਕੇ ਭਾਈ ਮਨਦੀਪ ਸਿੰਘ ਨੂੰ ਵੱਡੀ ਲੀਡ ਨਾਲ ਕਾਮਯਾਬ ਕਰਾਉਂਦੇ ਹਨ, ਤਾਂ ਇਹ 2027 ਲਈ ਇੱਕ ਮਜ਼ਬੂਤ ਪੰਥਕ ਆਵਾਜ਼ ਦੀ ਸ਼ੁਰੂਆਤ ਹੋਵੇਗੀ।

**ਪੰਥਕ ਦਲ ਦੀ ਅਪੀਲ** : ਇੰਟਰਨੈਸ਼ਨਲ ਪੰਥਕ ਦਲ ਨੇ ਸਾਰਿਆਂ ਪੰਥਕ ਵੋਟਰਾਂ ਨੂੰ ਸਾਂਝੀ ਅਪੀਲ ਕੀਤੀ — **"ਆਉ ਜੀ, 11 ਨਵੰਬਰ ਨੂੰ ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਤੋਂ ਪੰਥਕ ਜਿੱਤ ਦਾ ਨਾਅਰਾ ਲਗਾਈਏ। ਆਪਣੇ ਗੁਰੂ ਦੀ ਰਹਿਤ, ਆਪਣੇ ਸ਼ਹੀਦਾਂ ਦੀ ਕੁਰਬਾਨੀ ਅਤੇ ਆਪਣੀ ਧਰਤੀ ਦੇ ਮਾਣ ਲਈ ਭਾਈ ਮਨਦੀਪ ਸਿੰਘ ਨੂੰ ਜਿੱਤਾਂ ਕੇ 2027 ਦਾ ਰਾਹ ਪੱਧਰਾ ਕਰੀਏ।"**

## ਚੋਣ ਮਿਤੀ:
## 11 ਨਵੰਬਰ 2025

**ਹਲਕਾ: ਸ਼੍ਰੀ ਤਰਨ ਤਾਰਨ ਸਾਹਿਬ**

**ਉਮੀਦਵਾਰ: ਭਾਈ ਮਨਦੀਪ ਸਿੰਘ (ਵਾਰਿਸ ਪੰਜਾਬ ਅਕਾਲੀ ਦਲ)**



ਭਾਈ ਮਨਦੀਪ ਸਿੰਘ (ਭਰਾਤਾ ਭਾਈ ਸੰਦੀਪ ਸਿੰਘ ਸੰਨੀ) ਉਮੀਦਵਾਰ, ਵਿਧਾਨ ਸਭਾ ਹਲਕਾ ਤਰਨ-ਤਾਰਨ

ਆਵਾਜ਼ਿ ਕੌਮ AWAZE QAUM International Newspaper & WEB TV

--✶ ਜਾਰੀ ਕਰਤਾ ✶--

# ਇੰਟਰਨੈਸ਼ਨਲ ਪੰਥਕ ਦਲ

ਭਾਈ ਪਰਮਜੀਤ ਸਿੰਘ ਢਾਡੀ — ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ

ਭਾਈ ਰਘਵੀਰ ਸਿੰਘ — ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ.

ਭਾਈ ਕਪਤਾਨ ਸਿੰਘ — ਜਰਨਲ ਸਕੱਤਰ ਤੇ ਮੁੱਖ ਬੁਲਾਰਾ, ਯੂ.ਕੇ.

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net



ਦਮਦਮੀ ਟਕਸਾਲ

ਨਾਮ ਜਪੋ ਕਿਰਤ ਕਰੋ ਵੰਡ ਛਕੋ | Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor
Raghbir Singh Walsal
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ




ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰੁ ਸੀ ਨ ਉਚਰੀ॥

350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ

ਗੁਰਮਤਿ ਸਮਾਗਮ







GURU NANAK GURDWARA WILLENHALL 65-67 WALSAL ROAD (WV13 2RD)

30 ਨਵੰਬਰ 2025 ਦਿਨ ਐਤਵਾਰ ਨੂੰ 3 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਦੀਵਾਨ ਸਜਾਏ ਜਾਣਗੇ



ਭਾਈ ਅੰਮ੍ਰਿਤਪਾਲ ਸਿੰਘ ਢੱਪਈ
(3:30 ਵਜੇ)



ਭਾਈ ਕਮਲਜੀਤ ਸਿੰਘ ਜੀ
ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ
(4:30 ਵਜੇ)

ਰਹਿਰਾਸ ਸਾਹਿਬ ਜੀ ਦੇ ਜਾਪ 5:30 ਵਜੇ ਤੋ 6:00 ਵਜੇ ਤੱਕ ਹੋਣਗੇ

ਗੁਰੂ ਕਾ ਲੰਗਰ ਅਤੁੱਟ ਵਰਤੇਗਾ




ਪੰਥ ਪ੍ਰਸਿੱਧ ਕਵੀਸ਼ਰੀ ਜਥਾ
ਜਾਗੋਵਾਲਾ ਜਥਾ
(6 ਵਜੇ)



ਭਾਈ ਜਗਤਾਰ ਸਿੰਘ ਜੀ
ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ
(7 ਵਜੇ)

ਸੇਵਾ : ਸਮੂਹ ਨੌਜਵਾਨ ਸੇਵਾਦਾਰਾਂ, ਇੰਟਰਨੈਸ਼ਨਲ ਸਟੂਡੈਂਟਸ ਵੱਲੋਂ, ਗੁਰਦੁਆਰਾ ਪ੍ਰਬੰਧਕਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ

ਸੰਪਰਕ :- ਭਾਈ ਸਤਨਾਮ ਸਿੰਘ ਜੀ ਸੰਘਾ 07532825588 ਭਾਈ ਸੁਖਬੀਰ ਸਿੰਘ ਜੀ 07442671204

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★









## SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

## SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.

ਆਵਾਜ਼ਿ ਕੌਮ AWAZE QAUM
International Newspaper & WEB TV

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੀਆਂ

ਲੱਖ-ਲੱਖ ਵਧਾਈਆਂ

# Guru Nanak Gurdwara Cultural & Recreational Centre, Preston



## ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਧਾਰਮਿਕ ਸਮਾਗਮ

## ਸ਼ੁੱਕਰਵਾਰ 7 ਨਵੰਬਰ ਤੋਂ ਐਤਵਾਰ 9 ਨਵੰਬਰ 2025 ਤੱਕ

## 2–20 Tunbridge Street, Preston, Lancashire PR1 5YP

**ਗੁਰੂ ਪਿਆਰੀ ਸਾਧ ਸੰਗਤ ਜੀਓ**

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਪਹਿਲੇ ਗੁਰੂ ਹੋਏ ਹਨ। ਗੁਰੂ ਜੀ ਨੇ ਮਨੁੱਖਤਾ ਨੂੰ ਪ੍ਰੇਰਿਤ ਕੀਤਾ ਹੈ ਕਿ —ਨਾਮ ਜਪੋ, ਵੰਡ ਛਕੋ ਅਤੇ ਕਿਰਤ ਕਰੋ। ਇਨ੍ਹਾਂ ਉਪਦੇਸ਼ਾਂ ਉੱਤੇ ਚਲਦਿਆਂ ਸਿੱਖ ਕੌਮ ਅੱਜ ਵੀ ਦੁਨੀਆ ਭਰ ਵਿੱਚ ਆਪਣੇ ਗੁਰੂਆਂ ਦਾ ਨਾਮ ਰੋਸ਼ਨ ਕਰ ਰਹੀ ਹੈ। ਇਸ ਪਵਿੱਤਰ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਗੁਰੂ ਨਾਨਕ ਗੁਰਦੁਆਰਾ ਕਲਚਰਲ ਐਂਡ ਰਿਕਰੇਸ਼ਨਲ ਸੈਂਟਰ, ਪ੍ਰੈਸਟਨ ਵਿਖੇ ਵਿਸ਼ਾਲ ਧਾਰਮਿਕ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਆਪ ਸਭ ਸੰਗਤਾਂ ਨੂੰ ਸਨਮਾਨ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਪਰਿਵਾਰ ਸਮੇਤ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਰੌਣਕਾਂ ਵਧਾਓ ਅਤੇ ਸਤਿਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ:

**ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਆਰੰਭ:**
ਸ਼ੁਕਰਵਾਰ, 7 ਨਵੰਬਰ 2025 - ਸਵੇਰੇ 10:30 ਵਜੇ

**ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ:**
ਐਤਵਾਰ, 9 ਨਵੰਬਰ 2025 -
**ਸਵੇਰੇ 10:30 ਵਜੇ ਕੀਰਤਨ ਦਰਬਾਰ:**
11:00 ਤੋਂ 12:00 ਵਜੇ ਤੱਕ -
**ਗੁਰੂ ਘਰ ਦਾ ਹਜੂਰੀ ਜਥਾ**
12:00 ਤੋਂ 1:30 ਵਜੇ ਤੱਕ - ਭਾਈ ਗੁਰਜੀਤ ਸਿੰਘ ਕਵੈਂਟਰੀ ਵਾਲਿਆਂ ਦਾ ਕੀਰਤਨੀ ਜਥਾ

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

★ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ★

07958 683500
07424 247602
info.gngpreston@gmail.com
Charity No. 1138835

**ਨੋਟ:**
ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਗੁਪਤ ਪਰਿਵਾਰਾਂ ਵੱਲੋਂ ਹੋਵੇਗੀ।

# ਹਲਕਾ ਤਰਨਤਾਰਨ ਦੇ ਸਮੂਹ ਵੋਟਰਾਂ ਨੂੰ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਖ਼ਾਲਸਾ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਵੱਲੋਂ ਪੁਰਜ਼ੋਰ ਅਪੀਲ ✶ ਭਾਈ ਮਨਦੀਪ ਸਿੰਘ ਨੂੰ ਜਿਤਾਓ-ਪੰਜਾਬ ਨੂੰ ਬਚਾਓ



ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਪ੍ਰਕਾਸ਼ ਪੁਰਬ ਨੂੰ ਸਮਰਪਿਤ
# ਗੁਰਮਤਿ ਸਮਾਗਮ

☛ ਅਵਤਾਰ ਪੁਰਬ ਧੰਨ ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ । ☛ ਸ਼੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਸ਼ੁੱਕਰਵਾਰ 11:00 ਵਜੇ ਹੋਵੇਗੀ ਅਤੇ ਐਤਵਾਰ 11:00 ਵਜੇ ਸੰਪੂਰਨ ਭੋਗ ਪੈਣਗੇ ☛ ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਗੁਰ ਸਿੱਖ ਭਾਈ ਇੰਦਰਜੀਤ ਸਿੰਘ ਉਰਫ ਸਾਬੀ ਦੇ ਸਮੂਹ ਪ੍ਰਵਾਰ ਵੱਲੋਂ ਸੇਵਾ ਲਈ ਗਈ ਹੈ।

**ਸ਼ਨਿੱਚਰਵਾਰ 8 ਨਵੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ**

ਐਤਵਾਰ 9 ਨਵੰਬਰ 2025 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਉਪਰੰਤ 12:45 ਤੱਕ ਦੀਵਾਨ ਸੱਜਣਗੇ।

ਕੀਰਤਨੀ ਜਥਾ ਰਾਗੀ ਬੀਬੀ ਮਨਕਿਰਨ ਕੌਰ ਇਟਲੀ ਵਾਲੇ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਸਟਾਲ ਵੀ ਲੱਗਣਗੇ, ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਭੋਗ ਤੇ ਅਰਦਾਸ ਸਮਾਗਮ



ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 20ਵੀਂ ਸਦੀ ਦੇ ਮਹਾਨ ਸਿੱਖ ਯੋਧੇ, ਕਥਨੀ-ਕਰਨੀ ਦੇ ਪੂਰੇ, ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਰਾਤਾ ਅਤੇ ਸਤਿਕਾਰਯੋਗ ਬਾਬਾ ਜੋਗਿੰਦਰ ਸਿੰਘ ਜੀ ਦੇ ਸਪੁੱਤਰ

## ਕੈਪਟਨ ਹਰਚਰਨ ਸਿੰਘ ਰੋਡੇ

ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਮਿਤੀ 1 ਨਵੰਬਰ 2025 ਦਿਨ ਸ਼ਨਿੱਚਰਵਾਰ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ, ਉਨ੍ਹਾਂ ਦੇ ਨਮਿੱਤ ਰੱਖੇ ਗਏ ਸ੍ਰੀ ਸਹਿਜ ਪਾਠ ਸਾਹਿਬ ਦਾ ਭੋਗ ਅਤੇ ਅਰਦਾਸ ਸਮਾਗਮ

## ਮਿਤੀ 10 ਨਵੰਬਰ 2025, ਦਿਨ ਸੋਮਵਾਰ ਨੂੰ

**ਸਮਾਂ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ**

**ਗੁਰਦੁਆਰਾ ਸੰਤ ਖਾਲਸਾ, ਪਿੰਡ ਰੋਡੇ, ਜ਼ਿਲ੍ਹਾ ਮੋਗਾ ਵਿਖੇ ਹੋਵੇਗਾ**

ਅਰਦਾਸ ਸਮਾਗਮ ਵਿੱਚ ਆਪ ਸਭ ਨੂੰ ਪਹੁੰਚਣ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

ਬੇਨਤੀ ਕਰਤਾ :

ਆਵਾਜ਼ਿ ਕੌਮ AWAZE QAUM International Newspaper & WEB TV

## ਸਮੂਹ ਬਾਬਾ ਪਰਿਵਾਰ

ਸੰਪਰਕ : 97815-52538, 98140-29018


ਧਰਮ ਹੇਤ ਸਾਕਾ ਜਿਨ ਕੀਆ॥
੩੫੦ ਸਾਲਾ ਸ਼ਹੀਦੀ ਸ਼ਤਾਬਦੀ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਸ਼ਹੀਦੀ ਨਗਰ ਕੀਰਤਨ
ਮਿਤੀ - 09/11/2025
ਪਿੰਡ ਦਾਦੂ (ਸਿਰਸਾ) ੧੧:੦੦ ਵਜੇ
ਧਰਮਪੁਰਾ ੧੨:੦੦ ਵਜੇ
ਕੇਵਲ ੦੧:੦੦ ਵਜੇ
ਤਖਤਮੱਲ ੨:੦੦ ਵਜੇ
ਤਾਰੂਆਣਾ ੩:੦੦ ਵਜੇ
ਤਿਲੋਕੇਵਾਲਾ ੪:੦੦ ਵਜੇ
ਮੰਡੀ ਕਾਲਾਂਵਾਲੀ ੫:੦੦ ਵਜੇ
ਪਿੰਡ ਕਾਲਾਂਵਾਲੀ ੬:੦੦ ਵਜੇ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ HSGMC
ਆਵਾਜ਼ਿ ਕੌਮ AWAZE QAUM
International Newspaper & WEB TV

# ਸਮੁੰਦਰ ਦਾ ਕਿਨਾਰਾ ਸਪੈਨਿਸ਼ ਬੈਂਕ ਵੈਨਕੂਵਰ



**ਹਫਤੇ** ਦਾ ਆਖਰੀ ਦਿਨ ਸੀ, ਬੱਚਿਆਂ ਨੂੰ ਛੁੱਟੀ ਸੀ ਤੇ ਇਸ ਲਈ ਉਹਨਾਂ ਨੇ ਪਹਿਲਾਂ ਹੀ ਵੈਨਕੂਵਰ ਜਾ ਕੇ ਘੁੰਮਣ ਦੀ ਯੋਜਨਾ ਬਣਾ ਲਈ ਸੀ। ਵੈਨਕੂਵਰ ਕੌਮਾਂਤਰੀ ਹਵਾਈ ਅੱਡਾ ਹੈ। ਸਮੁੰਦਰ ਟਾਪੂ ਰਿਚਮੰਡ ਬ੍ਰਿਟਿਸ਼ ਕਲੰਬੀਆ ਕਨੇਡਾ ਵਿੱਚ ਹੈ। ਉਸ ਦਿਨ ਸੂਰਜ ਸਵੇਰੇ 5.39 ਵਜੇ ਨਿੱਕਣਾ ਸੀ ਅਤੇ 8.58 ਸ਼ਾਮ ਨੂੰ ਛਿਪਣਾ ਸੀ। ਅਸੀਂ ਸਵੇਰੇ 11 ਕੁ ਵਜੇ ਤਿਆਰ ਹੋ ਕੇ ਸਰੀ ਤੋਂ ਵੈਨਕੂਵਰ ਲਈ ਰਵਾਨਾ ਹੋ ਗਏ। ਵੈਸੇ ਤਾਂ ਇਹ ਸਾਰਾ ਦੇਸ਼ ਹੀ ਹਰਾ ਭਰਿਆ ਹੈ, ਸਾਫ ਸੁਥਰਾ ਹੈ, ਇਥੇ ਕੁਦਰਤ ਦੀ ਬਖਸ਼ਿਸ਼ ਹੈ। ਸਭ ਤੋਂ ਪਹਿਲਾਂ ਅਸੀਂ ਮੈਕਗਲੈਨ ਆਰਥਰ ਵੈਨਕੂਵਰ ਪਹੁੰਚ ਗਏ। ਇਸ ਦਾ ਖੁੱਲਣ ਦਾ ਸਮਾਂ ਸਵੇਰੇ10 ਵਜੇ ਤੋਂ ਰਾਤ 9 ਵਜੇ ਤੱਕ ਦਾ ਹੈ। ਇਥੇ ਵੱਖ ਵੱਖ ਕੰਪਨੀਆਂ ਦੇ ਸਟੋਰ ਆਰਿੱਟ ਜੀਆ, ਬੌਸ, ਕੋਚ, ਜਿਮੀ ਚੂ, ਕੇਟ ਸਪੇਡ ਨਿਊਯਾਰਕ, ਮਾਈਕਲ ਕੋਰਜ਼, ਟੋਰੀ ਬਰਚ, ਮਾਰਕ ਜਾਕੋਬਜ, ਪੋਲੋ ਰੈਲ਼ਫ਼ ਲੌਰੈਨ, ਐਡੀਡਾਸ ਹਨ। ਇਥੇ ਰੈਸਟੋਰੈਂਟ ਬੀਬੋ ਪੀਜੀਰੀਆ, ਕੈਫੀ ਆਰਟੀ ਗਿਆਨੋ, ਕਸਟੀਲਾ ਚੀਜ਼ ਕੇਕ, ਚਾ ਹਾਊਸ, ਫੂਡ ਫੂਲ ਈਟਰੀ, ਹੂਗੋਜ਼ ਚੌਰਸ ਐਂਡ ਟੈਕੋਜ਼, ਜਾਪਾ ਡੋਗ, ਨੈਪਚੂਨ ਨੂਡਲ ਹਾਊਸ, ਸਟਾਰ ਬੱਕਸ ਹਨ। ਇਥੇ ਮਰਦਾਂ ਔਰਤਾਂ ਬੱਚਿਆਂ ਵਾਸਤੇ ਸਮਾਨ ਵੱਖ-ਵੱਖ ਸਟੋਰਾਂ ਵਿਚ ਲੈਸ ਕਰਕੇ ਮਿਲਦੇ ਹਨ। ਇੱਥੇ ਚੰਗੀ ਗੁਣਵੱਤਾ ਵਾਲੀਆਂ ਚੀਜ਼ਾਂ ਮਿਲਦੀਆਂ ਮਿਲਦੀਆਂ ਹਨ। ਇਥੇ ਵੱਖ-ਵੱਖ ਸ਼ੋਅ ਰੂਮ ਵਿੱਚ ਜਾ ਕੇ ਸ਼ਾਪਿੰਗ ਕਰਕੇ ਕਾਫੀ ਸਮਾਂ ਬਤੀਤ ਕੀਤਾ। ਇਥੇ ਕਈ ਘੰਟੇ ਲੰਘ ਗਏ। ਸਾਨੂੰ ਭੁੱਖ ਵੀ ਲੱਗ ਗਈ ਤੇ ਅਸੀਂ ਖਾਣਾ ਖਾ ਕੇ ਇਥੋਂ ਖਰੀਦੋ ਫਰੋਤ ਕਰਨ ਉਪਰੰਤ ਅਸੀਂ ਬਾਹਰ ਆ ਗਏ। ਇਸ ਦੇ ਬਿਲਕੁਲ ਸਾਹਮਣੇ ਏਅਰਪੋਰਟ ਸੀ ਅਤੇ ਇਸ ਦੇ ਬਾਹਰਵਾਰ ਇੱਕ ਸੜਕ ਏਅਰਪੋਰਟ ਦੇ ਨਾਲ ਨਾਲ ਜਾ ਰਹੀ ਸੀ ਤੇ ਕਾਫੀ ਅੱਗੇ ਜਾ ਕੇ ਹੋਰ ਵਹੀਕਲ ਖੜੇ ਸਨ। ਅਸੀਂ ਵੀ ਉਸ ਥਾਂ ਗੱਡੀ ਖੜਾ ਲਈ ਅਤੇ ਬਾਹਰ ਆ ਗਏ। ਏਅਰਪੋਰਟ ਦੀ ਚਾਰਵਾਰੀ ਦੀ ਫੈਂਸਿੰਗ ਕਰੀਬ15 ਫੁੱਟ ਉੱਚੀ ਲੱਗੀ ਹੋਈ ਸੀ। ਇਸ ਥਾਂ ਤੋਂ ਖੜ ਕੇ ਏਅਰਪੋਰਟ ਦੇ ਅੰਦਰ ਉਤਰਦੇ ਹਵਾਈ ਜਹਾਜ ਬਹੁਤ ਨੇੜੇ ਨਜ਼ਰ ਆ ਰਹੇ ਸਨ। ਹਵਾਈ ਜਹਾਜ ਪਹਿਲਾਂ ਕਾਫੀ ਦੂਰ ਤੋ ਹੌਲੀ ਹੌਲੀ ਨੇੜੇ ਆ ਕੇ ਹੇਠਾਂ ਉੱਤਰਦੇ ਹਨ। ਇਹ ਸੁੰਦਰ ਨਜ਼ਾਰਾ ਦੇਖ ਕੇ ਮਨ ਬਾਗੋ ਬਾਗ ਹੋ ਗਿਆ। ਇਹ ਨਜ਼ਾਰਾ ਜਹਾਜ ਵਿੱਚ ਬੈਠ ਕੇ ਨਹੀਂ ਆਉਂਦਾ ਇਹ ਤਾਂ ਜਹਾਜ ਉਤਰਦਿਆਂ ਨੇੜੇ ਖੜੋ ਕੇ ਆਉਂਦਾ ਹੈ। ਏਅਰਪੋਰਟ ਅਤੇ ਸਮੁੰਦਰ ਦੇ ਕਿਨਾਰੇ ਵਿਚਕਾਰ ਸੜਕ ਦੇ ਸਮੁੰਦਰ ਵਾਲੇ ਪਾਸੇ ਵੀ ਪੰਜ ਕੁ ਫੁੱਟ ਦਾ ਜੰਗਲਾ ਸੀ। ਇੱਥੇ ਹਰ ਪਾਸੇ ਆਮ ਲੋਕਾਂ ਦੀ ਸੁਰੱਖਿਆ ਲਈ ਪ੍ਰਬੰਧ ਕੀਤਾ ਹੋਇਆ ਸੀ। ਇਥੋਂ ਫਿਰ ਅਸੀਂ ਸਮੁੰਦਰ ਦੇ ਕਿਨਾਰੇ "ਸਪੈਨਿਸ਼ ਬੈਂਕ ਵੈਨਕੂਵਰ" ਵੱਲ ਨੂੰ ਚੱਲ ਪਏ। ਇਹ ਸਮੁੱਚਾ ਸਾਰਾ ਸ਼ਹਿਰ ਹੀ ਬਹੁਤ ਖੂਬਸੂਰਤ ਸੀ। ਅਸੀਂ ਸਮੁੰਦਰ ਦੇ ਕਿਨਾਰੇ ਪਹੁੰਚ ਕੇ ਗੱਡੀ ਪਾਰਕ ਕੀਤੀ ਅਤੇ ਇੱਥੇ ਥਾਂ ਥਾਂ ਤੇ ਪਾਰਕਿੰਗ ਪਰਚੀ ਆਨਲਾਈਨ ਪ੍ਰਾਪਤ ਕਰਨ ਲਈ ਪ੍ਰਬੰਧ ਕੀਤਾ ਹੋਇਆ ਹੈ। ਅਸੀਂ ਆਪਣੀ ਗੱਡੀ ਵਿੱਚੋਂ ਆਪਣੀ ਚਟਾਈ ਤੇ ਚਾਦਰ ਕੱਢੀ ਤੇ ਸਮੁੰਦਰ ਦੇ ਕਿਨਾਰੇ ਜਾ ਕੇ ਵਿਛਾ ਕੇ ਬੈਠ ਗਏ। ਅਸੀਂ ਇੱਕ ਵੱਡੀ ਛਤਰੀ ਉਪਰ ਤਾਣ ਲਈ ਅਤੇ ਇੱਕ ਕੁਰਸੀ ਬਾਹਰ ਕੱਢ ਕੇ ਰੱਖ ਲਈ। ਇੱਥੇ ਸਮੁੰਦਰ ਕਿਨਾਰੇ ਦਰਖਤਾਂ ਦੇ ਬਹੁਤ ਸਾਰੇ ਤਣੇ ਇੱਕ ਲੜੀ ਵਿੱਚ ਰੱਖੇ ਹੋਏ ਸਨ। ਬਹੁਤ ਸਾਰੇ ਸੈਲਾਨੀ ਇਹਨਾਂ ਤਣਿਆਂ ਦੇ ਉੱਪਰ ਬੈਠ ਕੇ ਧੁੱਪ ਦਾ ਆਨੰਦ ਮਾਣ ਰਹੇ ਸਨ। ਸਮੁੰਦਰ ਦੇ ਕਿਨਾਰੇ ਤੇ ਸਾਫ ਸੁਥਰੀ ਸੁੱਕੀ ਰੇਤਾ ਦਾ ਮੈਦਾਨ ਸੀ ਇਥੋਂ ਸਮੁੰਦਰ ਦਾ ਪਾਣੀ ਕਾਫੀ ਹੱਟਵਾਂ ਸੀ। ਅੱਜ ਸਮੁੰਦਰ ਬਿਲਕੁਲ ਸ਼ਾਂਤ ਸੀ। ਇਥੋਂ ਦਾ ਬਹੁਤ ਸੁੰਦਰ ਸੁਹਾਵਣਾ ਮੰਜਰ ਸੀ। ਇਥੇ ਕਈ ਬੱਚੇ ਨੈੱਟ ਲਾ ਕੇ ਵਾਲੀਬਾਲ, ਫੁਟਬਾਲ, ਬੈਡਮਿੰਟਨ, ਕ੍ਰਿਕਟ ਆਦਿ ਖੇਡ ਰਹੇ ਸਨ। ਛੋਟੇ ਬੱਚੇ ਆਪਣੀਆਂ ਹੋਰ ਖੇਡਾਂ 'ਚ ਮਸਤ ਤੇ ਸਨ। ਸਾਈਕਲ ਦੇ ਸ਼ੌਕੀਨ ਨੌਜਵਾਨ, ਸਾਈਕਲ ਚਲਾ ਰਹੇ ਸਨ। ਹਰ ਕੋਈ ਆਪਣੀ ਮਰਜ਼ੀ ਅਨੁਸਾਰ ਮਸਤ ਸੀ। ਕੋਈ ਥੱਲੇ ਬੈਠਾ, ਕੋਈ ਕੁਰਸੀ ਤੇ ਬੈਠਾ, ਕੋਈ ਧੁੱਪ ਸੇਕ ਰਿਹਾ, ਕੋਈ ਛਤਰੀ ਥੱਲੇ ਛਾਵੇ ਬੈਠਾ, ਕੋਈ ਸਮੁੰਦਰ ਦੇ ਵਿੱਚ ਆਨੰਦ ਮਾਣ ਰਹੇ ਸੀ। ਕਈ ਨੌਜਵਾਨ ਸਮੁੰਦਰ ਦੇ ਕਿਨਾਰੇ ਭੱਜ ਕੇ ਸੈਰ ਕਰ ਰਹੇ ਸਨ। ਇਥੋਂ ਦਾ ਮੰਜ਼ਰ ਸ਼ਾਂਤ ਸੀ। ਹਰੇਕ ਆਪਣੀ ਆਜ਼ਾਦੀ ਅਨੁਸਾਰ ਵਿਅਸਤ ਸੀ। ਸਮੁੰਦਰ ਦੇ ਵਿੱਚ ਬਹੁਤ ਸਾਰੀਆਂ ਕਿਸ਼ਤੀਆਂ ਚੱਲ ਰਹੀਆਂ ਸਨ, ਉਹਨਾਂ ਨੂੰ ਦੇਖ ਕੇ ਬੜਾ ਮਜ਼ਾ ਆ ਰਿਹਾ ਸੀ। ਵੱਡੇ ਸਮੁੰਦਰੀ ਜਹਾਜ ਉਥੇ ਖੜੇ ਸਨ ਅਤੇ ਬੰਦਰਗਾਹ ਤੇ ਜਾਣ ਲਈ ਇੰਤਜ਼ਾਰ ਵਿਚ ਸਨ। ਕੁੱਝ ਕੁ ਪ੍ਰਾਈਵੇਟ ਛੋਟੇ ਜਹਾਜ ਉੱਪਰ ਆਕਾਸ਼ ਵਿਚ ਉਡਾਰੀਆਂ ਮਾਰ ਰਹੇ ਸਨ ਅਤੇ ਉਹ ਉੱਪਰੋਂ ਹੀ ਕੁਦਰਤ ਦਾ ਨਜ਼ਾਰਾ ਦੇਖ ਰਹੇ ਸਨ। ਜਦੋਂ ਪਰਿਵਾਰ ਇਕੱਠੇ ਹੁੰਦੇ ਹੈ ਤਾਂ ਉਦੋਂ ਵੱਖਰਾ ਹੀ ਆਨੰਦ ਆਉਂਦਾ ਹੈ। ਅਸੀਂ ਇੱਥੇ ਸਾਰੇ ਇਕੱਠੇ ਸੀ ਬੜਾ ਸਕੂਨ ਮਿਲ ਰਿਹਾ ਸੀ। ਕੁੱਝ ਕੁ ਮੱਧਮ ਜਿਹੀ ਆਵਾਜ਼ ਦੇ ਵਿੱਚ ਕੁੱਝ ਨੌਜਵਾਨ ਨੱਚ ਕੁੱਦ ਕੇ ਸੰਗੀਤ ਦਾ ਆਨੰਦ ਲੈ ਰਹੇ ਸਨ। ਹਰੇਕ ਆਪਣੇ ਢੰਗ ਨਾਲ ਅਨੰਦ ਮਾਣ ਰਿਹਾ ਸੀ। ਪਾਰਕਿੰਗ ਵਾਲੇ ਸਥਾਨ ਦੇ ਨੇੜੇ ਆਈਸਕ੍ਰੀਮ ਦੀਆਂ ਗੱਡੀਆਂ ਖੜ੍ਹੀਆਂ ਸਨ। ਠੰਡ ਵਿੱਚ ਠੰਡੀ ਆਈਸਕ੍ਰੀਮ ਖਾਣ ਦਾ ਵੀ ਖੂਬ ਮਜਾ ਆਉਂਦਾ ਹੈ। ਅਸੀਂ ਕਿਨਾਰੇ ਤੇ ਬੈਠ ਕੇ ਸਮੁੰਦਰ ਪਾਰ ਪਹਾੜ ਦਾ ਕੁਦਰਤੀ ਦ੍ਰਿਸ਼ ਦਾ ਆਨੰਦ ਮਾਣਿਆ। ਇੱਥੇ ਅਸੀਂ ਕਾਫੀ ਸਮਾਂ ਬਤੀਤ ਕੀਤਾ ਇਹ ਸਾਰਾ ਇਲਾਕਾ ਵੈਨਕੂਵਰ ਦਾ ਹੈ ਇਥੋਂ ਸਮੁੰਦਰ ਦੇ ਕਿਨਾਰੇ ਦੇ ਨਾਲ ਨਾਲ ਸੜਕ ਤੇ ਚੱਲ ਪਏ। ਇਥੋਂ ਅਸੀਂ ਅੱਗੇ ਡਾਊਨ ਟਾਊਨ ਚਲੇ ਗਏ ਇਹ ਸਾਰਾ ਸ਼ਹਿਰ ਬਹੁਤ ਹੀ ਜਿਆਦਾ ਖੂਬਸੂਰਤ ਸੀ। ਹਰ ਪਾਸੇ ਚੌੜੀਆਂ ਸੜਕਾਂ ਅਤੇ ਟਰੈਫਿਕ ਲਾਈਟਾਂ ਨਾਲ ਸਾਰਾ ਸ਼ਹਿਰ ਭਰਪੂਰ ਸੀ। ਸਾਰਾ ਸ਼ਹਿਰ ਹੀ ਉੱਚੇ ਨੀਵੇਂ ਪੁੱਲਾਂ ਨਾਲ ਭਰਪੂਰ ਸੀ। ਸਾਰੇ ਨਾਗਰਿਕ ਨਿਯਮਾਂ ਦੀ ਪਾਲਣਾ ਕਰ ਰਹੇ ਸਨ। ਇੱਕ ਗੱਲ ਇੱਥੇ ਦੇਖਣ ਨੂੰ ਮਿਲਦੀ ਹੈ ਕਿ ਹਰ ਥਾਂ ਪੈਦਲ ਜਾਣ ਵਾਲਿਆਂ ਨੂੰ ਪਹਿਲ ਦਿੱਤੀ ਜਾਂਦੀ ਹੈ ਜਦੋਂ ਵੀ ਕੋਈ ਪੈਦਲ ਵਿਅਕਤੀ ਸੜਕ ਕ੍ਰਾਸ ਕਰਦਾ ਸੀ ਤਾਂ ਸਾਰੀਆਂ ਗੱਡੀਆਂ ਰੁਕ ਜਾਂਦੀਆਂ ਸਨ। ਇੱਥੇ ਪੈਦਲ ਜਾਣ ਵਾਲੇ ਨੂੰ ਪਹਿਲਾਂ ਜਾਣ ਦਿੱਤਾ ਜਾਂਦਾ ਹੈ। ਅੱਜ ਸਾਰਾ ਦਿਨ ਘੁੰਮ ਕੇ, ਤੋਰਾ ਫੇਰਾ ਕਰਕੇ ਬੜਾ ਆਨੰਦ ਆਇਆ। ਇਹ ਸਭ ਬੱਚਿਆਂ ਦੀ ਹਿੰਮਤ ਸੀ। ਸਮਾਂ ਕਾਫੀ ਹੋ ਗਿਆ ਸੀ, ਦਿਨ ਢਲ ਚੁੱਕਾ ਸੀ ਤੇ ਅਸੀਂ ਘਰ ਨੂੰ ਵਾਪਸੀ ਕਰ ਲਈ।

ਆਵਾਜ਼ਿ ਕੌਮ AWAZE QAUM International Newspaper & WEB TV

**-ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ**
**ਮਕਾਨ ਨੰਬਰ 166, ਵਾਰਡ ਨੰਬਰ 29, ਗਲੀ ਹਜਾਰਾ ਸਿੰਘ ਮੋਗਾ-142001, ਵਟਸਐੱਪ: + 91- 97-810-40140**

## ਸੁਖਬੀਰ ਬਾਦਲ ਵੇਖ ਰਿਹਾ ਮੁੰਗੇਰੀ ਲਾਲਾ ਵਾਲੇ ਸੁਪਨੇ

# ਜੋ ਕਦੀ ਵੀ ਸੱਚ ਹੋਣ ਵਾਲੇ ਨਹੀਂ : ਸ਼ਮਸ਼ੇਰ ਸਿੰਘ ਪੱਧਰੀ



**ਬਾਦਲ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਗੁਆਇਆ ਆਪਣਾ ਆਧਾਰ**

**ਤਰਨਤਾਰਨ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਅੰਮ੍ਰਿਤਸਰ ਤੋਂ ਕਾਰਜਕਾਰੀ ਕਮੇਟੀ ਮੈਂਬਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਸੁਖਬੀਰ ਬਾਦਲ ਅੱਜਕੱਲ੍ਹ ਉਹੀ ਮੁੰਗੇਰੀ ਲਾਲਾ ਵਾਲੇ ਸੁਪਨੇ ਵੇਖ ਰਿਹਾ ਹੈ ਜੋ ਕਦੇ ਹਕੀਕਤ ਨਹੀਂ ਬਣ ਸਕਦੇ। ਜਿਹੜਾ ਆਗੂ ਆਪਣੇ ਦੌਰ ਵਿੱਚ ਪੰਥਕ ਭਰੋਸਾ ਤੋੜ ਚੁੱਕਾ ਹੋਵੇ, ਬੇਅਦਬੀਆਂ ਦੇ ਦੋਸ਼ਾਂ ਨੂੰ ਦਬਾਉਂਦਾ ਰਿਹਾ ਹੋਵੇ ਅਤੇ ਸੌਦਾ ਸਾਧ ਵਰਗੇ ਗੁਰਨਿੰਦਾ ਕਰਨ ਵਾਲਿਆਂ ਨੂੰ ਮਾਫੀਆਂ ਦਿੰਦਿਆਂ ਰਿਹਾ ਹੋਵੇ, ਉਹ ਮੁੜ ਪੰਥਕ ਜ਼ਮੀਨ ਤੇ ਕਿਵੇਂ ਕਾਇਮ ਰਹਿ ਸਕਦਾ ਹੈ? ਪੱਧਰੀ ਨੇ ਕਿਹਾ ਕਿ ਬਾਦਲ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਇਹ ਤਿੰਨੋਂ ਹੀ ਪਾਰਟੀਆਂ ਸਿੱਖ ਪੰਥ ਲਈ ਜ਼ਿਹਰ ਸਾਬਤ ਹੋਈਆਂ ਹਨ। ਉਨ੍ਹਾਂ ਕਿਹਾ ਕਿ ਬਾਦਲ ਦਲ ਦੇ ਦੌਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੀਆਂ ਘਟਨਾਵਾਂ ਹੋਈਆਂ, ਜਿਨ੍ਹਾਂ ਦਾ ਪੂਰਾ ਨਿਆਂ ਅੱਜ ਤੱਕ ਨਹੀਂ ਹੋਇਆ। ਜਿਨ੍ਹਾਂ ਤੋਂ ਪੰਥਕ ਭਾਵਨਾਵਾਂ ਨੂੰ ਠੇਸ ਪਹੁੰਚੀ, ਉਹਨਾਂ ਬਾਦਲਾਂ ਨੇ ਸਿਰਫ਼ ਆਪਣੇ ਚੋਣੀ ਹਿੱਤ ਲਈ ਮਾਫੀਆਂ ਤੇ ਮਿਲਣ-ਜੁਲਣ ਦੀ ਰਾਜਨੀਤੀ ਖੇਡੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ, ਜਿਸਨੇ 1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਪੰਥ ਦੀ ਆਤਮਕ ਰਾਜਧਾਨੀ ਢਾਹਿਆ, ਉਸਨੇ ਬਾਅਦ ਵਿੱਚ ਦਿੱਲੀ ਵਿੱਚ ਸਿੱਖ ਨਸਲਕੁਸ਼ੀ ਕਰਕੇ ਹਜ਼ਾਰਾਂ ਬੇਕਸੂਰ ਸਿੱਖਾਂ ਦਾ ਕਤਲੇਆਮ ਕੀਤਾ। ਅੱਜ ਵੀ ਉਹਨਾਂ ਜ਼ਿੰਮੇਵਾਰਾਂ ਨੂੰ ਸਜ਼ਾ ਨਹੀਂ ਮਿਲੀ ਅਤੇ ਕਾਂਗਰਸ ਪਾਰਟੀ ਉਨ੍ਹਾਂ ਕਾਤਲਾਂ ਨੂੰ ਸਿਰਫ਼ ਵੋਟਾਂ ਲਈ ਆਪਣੇ ਗੋਦ ਵਿੱਚ ਬਿਠਾਈ ਬੈਠੀ ਹੈ। ਪੱਧਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਜੋ ਕਦੇ "ਇਮਾਨਦਾਰੀ" ਦਾ ਨਾਰਾ ਲੈ ਕੇ ਆਈ ਸੀ, ਅੱਜ ਉਹੀ ਪਾਰਟੀ ਸਿੱਖ ਨੌਜਵਾਨਾਂ ਨੂੰ ਦਬਾਉਣ ਦਾ ਹਥਿਆਰ ਬਣ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਅਤੇ ਉਹਨਾਂ ਦੇ ਸਾਥੀਆਂ 'ਤੇ ਨਾਜਾਇਜ ਤੌਰ 'ਤੇ ਐਨ ਐਸ ਏ ਲਗਾ ਕੇ ਉਨ੍ਹਾਂ ਨੂੰ ਜੇਲਾਂ ਵਿੱਚ ਸੜਾਇਆ ਜਾ ਰਿਹਾ ਹੈ। ਜਿਹੜੇ ਨੌਜਵਾਨ ਗੁਰਬਾਣੀ, ਪੰਥਕ ਏਕਤਾ ਅਤੇ ਨਸ਼ਾ ਮੁਕਤ ਪੰਜਾਬ ਦੀ ਗੱਲ ਕਰਦੇ ਸਨ, ਉਹਨਾਂ ਨੂੰ ਆਤੰਕੀ ਕਹਿ ਕੇ ਕੈਦ ਕਰ ਦਿੱਤਾ ਗਿਆ। ਇਹ ਸਾਰਾ ਖੇਡ ਆਮ ਆਦਮੀ ਪਾਰਟੀ ਦੀ ਸਰਕਾਰੀ ਧੱਕੇਸ਼ਾਹੀ ਦਾ ਸਭ ਤੋਂ ਵੱਡੀ ਉਦਾਹਰਨ ਹੈ। ਉਨ੍ਹਾਂ ਕਿਹਾ ਕਿ ਹੁਣ ਸਾਰੀ ਸੰਗਤ ਅਤੇ ਨੌਜਵਾਨ ਸਾਂਝੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਖਾਲਸਾ ਦੇ ਹੱਕ ਵਿੱਚ ਖੜ੍ਹੇ ਹੋ ਰਹੇ ਹਨ ਕਿਉਂਕਿ ਉਹ ਪੰਥਕ ਸਿਧਾਂਤਾਂ, ਗੁਰੂ ਦੇ ਆਦਰ ਅਤੇ ਖਾਲਸੇ ਦੀ ਇਜ਼ਤ ਦੀ ਨੁਮਾਇੰਦਗੀ ਕਰਦੇ ਹਨ। ਸ਼ਮਸ਼ੇਰ ਸਿੰਘ ਪੱਧਰੀ ਨੇ ਅਖੀਰ 'ਚ ਕਿਹਾ ਕਿ ਇਹ ਚੋਣ ਕਿਸੇ ਵਿਅਕਤੀ ਦੀ ਨਹੀਂ, ਸਗੋਂ ਪੰਥ ਦੀ ਆਵਾਜ਼ ਅਤੇ ਨਿਆਂ ਦੀ ਲੜਾਈ ਹੈ। ਹੁਣ ਲੋਕਾਂ ਨੇ ਫੈਸਲਾ ਕਰ ਲਿਆ ਹੈ ਕਿ ਉਹ ਬੇਅਦਬੀ ਕਰਨ ਵਾਲਿਆਂ, ਸੌਦਾ ਸਾਧਾਂ ਨੂੰ ਮਾਫ਼ ਕਰਨ ਵਾਲਿਆਂ, ਗੁਰੂ ਘਰਾਂ 'ਤੇ ਹਮਲੇ ਕਰਨ ਵਾਲਿਆਂ ਤੇ ਸਿੱਖ ਨੌਜਵਾਨਾਂ ਨੂੰ ਕੈਦ ਕਰਨ ਵਾਲਿਆਂ ਨੂੰ ਹਮੇਸ਼ਾਂ ਲਈ ਸਿਆਸਤ ਤੋਂ ਬਾਹਰ ਦਾ ਰਾਹ ਵਿਖਾਉਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਕੈਨੇਡਾ ਵਿਖੇ ਜੀ 7 ਮੀਟਿੰਗ ਵਿੱਚ ਸ਼ਾਮਿਲ ਹੋਣ ਵਾਲੇ ਭਾਰਤੀ ਮੰਤਰੀ ਜੈ ਸ਼ੰਕਰ ਦਾ ਸਿੱਖਾਂ ਵੱਲੋਂ ਹੋਵੇਗਾ ਭਾਰੀ ਵਿਰੋਧ: ਪਨੂੰ



**ਨਵੀਂ ਦਿੱਲੀ 8 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)**:- ਕੈਨੇਡਾ ਦੇ ਨਿਆਗਰਾ ਖੇਤਰ ਵਿੱਚ ਜੀ 7 ਸਮੇਲਣ ਵਿਚ ਵਿਦੇਸ਼ ਮੰਤਰੀਆਂ ਦੀ 11 ਅਤੇ 12 ਨਵੰਬਰ 2025 ਨੂੰ ਹੋਣ ਵਾਲੀ ਮੀਟਿੰਗ ਵਿਚ ਸ਼ਾਮਿਲ ਹੋ ਰਹੇ ਭਾਰਤੀ ਮੰਤਰੀ ਜੈਸ਼ੰਕਰ ਦਾ ਸਿੱਖਸ ਫਾਰ ਜਸਟਿਸ ਵਲੋਂ 24 ਘੰਟੇ ਘੇਰਾ ਪਾਉਣ ਦਾ ਸੱਦਾ ਦਿੱਤਾ ਗਿਆ ਹੈ। ਐਸਐਫਜੇ ਦੇ ਜਨਰਲ ਕੌਂਸਲ ਗੁਰਪਤਵੰਤ ਪਨੂੰ ਨੇ ਜਾਰੀ ਕੀਤੇ ਬਿਆਨ ਰਾਹੀਂ ਕਿਹਾ ਕਿ ਇਸ ਘੇਰਾਵ ਨਾਲ ਐਸ. ਜੈਸ਼ੰਕਰ ਨੂੰ ਰਾਜਨੀਤਿਕ ਤੌਰ 'ਤੇ ਬੇਨਕਾਬ ਕੀਤੇ ਜਾਣ ਨਾਲ ਉਸਨੂੰ ਬਾਕੀਆਂ ਨਾਲੋਂ ਅਲੱਗ-ਥਲੱਗ ਕੀਤਾ ਜਾ ਸਕੇ ਕਿਉਂਕਿ ਭਾਰਤੀ ਸ਼ਾਸਨ ਦਾ ਇਹ ਕੂਟਨੀਤਕ ਚਿਹਰਾ ਜੋ ਕਿ 2023 ਵਿੱਚ ਅੰਤਰਰਾਸ਼ਟਰੀ ਦਮਨ ਅਤੇ ਸ਼ਹੀਦ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਭਰੋਸੇਯੋਗ ਤੌਰ 'ਤੇ ਜੁੜਿਆ ਹੋਇਆ ਹੈ। ਜਿਕਰਯੋਗ ਹੈ ਕਿ ਬਲੂਮਬਰਗ ਵਲੋਂ ਯੂਕੇ ਇੰਟੈਲੀਜੈਂਸ ਦੀ ਰਿਪੋਰਟਿੰਗ ਮੁਤਾਬਿਕ ਬ੍ਰਿਟਿਸ਼ ਇੰਟੈਲੀਜੈਂਸ ਅਧਿਕਾਰੀਆਂ ਨੇ ਮੋਦੀ ਸਰਕਾਰ ਵੱਲੋਂ ਕੰਮ ਕਰਨ ਵਾਲੇ ਮੰਨੇ ਜਾਂਦੇ ਵਿਅਕਤੀਆਂ ਨਾਲ ਜੁੜੇ ਬਹੁਤ ਹੀ ਸੰਵੇਦਨਸ਼ੀਲ ਸੰਚਾਰਾਂ ਨੂੰ ਰੋਕਿਆ ਹੈ - ਜਿਸ ਵਿੱਚ ਸ਼ਹੀਦ ਹਰਦੀਪ ਸਿੰਘ ਨਿੱਝਰ ਅਤੇ ਅਵਤਾਰ ਸਿੰਘ ਖੰਡਾ ਦੀ ਹੱਤਿਆ ਅਤੇ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਦੇ ਹਵਾਲੇ ਸ਼ਾਮਲ ਹਨ। ਐਸਐਫਜੇ ਦਾ ਕਹਿਣਾ ਹੈ ਕਿ ਜੀ 7 ਵਿੱਚ ਜੈਸ਼ੰਕਰ ਦੀ ਮੌਜੂਦਗੀ ਨੂੰ ਭਾਰਤ ਦੇ ਗਲੋਬਲ ਕਤਲੇਆਮ ਨੈੱਟਵਰਕ ਦੇ ਚਿਹਰੇ ਵਜੋਂ ਜਨਤਕ ਤੌਰ 'ਤੇ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਸਰਦਾਰਨੀ ਹਰਭਜਨ ਕੌਰ ਮਾਨ ਜਲਾਲ ਉਸਮਾ ਦਾ ਭੋਗ ਅੱਜ



**ਚੌਕ ਮਹਿਤਾ, 8 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਜਾਣਕਾਰੀ ਹਲਕਿਆਂ ਵਿੱਚ ਇਹ ਖ਼ਬਰ ਬੜੇ ਦੁੱਖ ਨਾਲ ਜਾਵੇਗੀ ਕਿ ਹਲਕੇ ਦਾ ਨਾਮਵਾਰ ਪ੍ਰਵਾਰ ਧਰਮਜੀਤ ਸਿੰਘ ਮਾਨ, ਸੁਖਜੀਤ ਸਿੰਘ ਮਾਨ ਗੁਰਮੀਤ ਸਿੰਘ ਮਾਨ ਦੇ ਸਤਿਕਾਰਯੋਗ ਮਾਤਾ ਜੀ, ਮਾਤਾ ਸਰਦਾਰਨੀ ਹਰਭਜਨ ਕੌਰ ਮਾਨ ਪਤਨੀ ਸਵਰਗਵਾਸੀ ਗੁਰਦਿਆਲ ਸਿੰਘ ਮਾਨ ਪਿੰਡ ਜਲਾਲ ਉਸਮਾ (ਨਾਥ ਦੀ ਖੂਹੀ) ਉਮਰ 81 ਸਾਲ ਸੰਖੇਪ ਜਿਹੀ ਬੀਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੇ ਨਮਿੱਤ ਆਰੰਭ ਕੀਤੇ ਗਏ ਪਵਿੱਤਰ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਅੱਜ 9 ਨਵੰਬਰ 2025 ਦਿਨ ਐਤਵਾਰ ਨੂੰ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਜਲਾਲ 12ਤੋਂ 1 ਵਜੇ ਕੀਰਤਨ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ। ਜਿਸ ਵਿਚ ਧਾਰਮਿਕ, ਸੰਤ ਮਹਾਂਪੁਰਸ਼, ਰਾਜਨੀਤਕ ਰਿਸ਼ਤੇਦਾਰ ਅਤੇ ਇਲਾਕੇ ਦੀਆਂ ਸੰਗਤਾਂ ਸਰਦਾਰਨੀ ਹਰਭਜਨ ਕੌਰ ਮਾਨ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਕੇਂਦਰ ਅਤੇ ਸੂਬਾ ਸਰਕਾਰਾਂ ਕੋਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਵਿਚ ਸ਼ਮੂਲੀਅਤ ਲਈ ਬੰਦੀ ਸਿੰਘਾਂ ਨੂੰ ਪੈਰੋਲ ਦੇਣ ਦੀ ਮੰਗ: ਸਰਨਾ

**ਨਵੀਂ ਦਿੱਲੀ, 8 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)**:-ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ.ਪਰਮਜੀਤ ਸਿੰਘ ਸਰਨਾ ਨੇ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਬੰਦੀ ਸਿੰਘਾਂ ਨੂੰ ਇੱਕ ਮਹੀਨੇ ਲਈ ਪੈਰੋਲ 'ਤੇ ਰਿਹਾਅ ਕਰਨ ਤਾਂ ਜੋ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਮਨਾ ਰਹੀ ਸਮੁੱਚੀ ਕੌਮ ਨਾਲ ਜੁੜਕੇ ਆਪਣੀ ਸ਼ਰਧਾ ਤੇ ਸਤਿਕਾਰ ਭੇਟ ਕਰ ਸਕਣ। ਮੀਡੀਆ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ, ਸਰਨਾ ਨੇ ਕਿਹਾ ਕਿ ਇਹ ਮੌਕਾ ਵਿਸ਼ਵ ਇਤਿਹਾਸ ਦੇ ਸਭ ਤੋਂ ਅਹਿਮ ਪਲਾਂ ਵਿੱਚੋਂ ਇੱਕ ਹੈ, ਅਤੇ ਉਹਨਾਂ ਬੰਦੀ ਸਿੰਘਾਂ ਦੀ ਸ਼ਮੂਲੀਅਤ, ਜਿਨ੍ਹਾਂ ਨੇ ਲੰਬੇ ਸਮੇਂ ਤੋਂ ਨਿਆਂ ਅਤੇ ਦਇਆ ਦੀ ਉਡੀਕ ਕੀਤੀ ਹੈ, ਉਹਨਾਂ ਲਈ ਡੂੰਘੀ ਭਾਵਨਾਤਮਕ ਅਤੇ ਅਧਿਆਤਮਿਕ ਮਹੱਤਤਾ ਰੱਖਦਾ ਹੈ। ਸਰਨਾ ਨੇ ਕਿਹਾ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਰਵਉੱਚ ਬਲੀਦਾਨ ਜ਼ਮੀਰ ਅਤੇ ਵਿਸ਼ਵਾਸ ਦੀ ਆਜ਼ਾਦੀ ਲਈ ਸੀ। ਬੰਦੀ ਸਿੰਘਾਂ ਨੂੰ ਸਮਾਰੋਹਾਂ ਵਿੱਚ ਹਿੱਸਾ ਲੈਣ ਦੀ ਆਗਿਆ ਦੇਣਾ ਨਾ ਸਿਰਫ਼ ਉਸ ਵਿਰਾਸਤ ਦਾ ਸਨਮਾਨ ਕਰੇਗਾ ਬਲਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੇ ਅਨੁਸਾਰ ਦਇਆ ਅਤੇ ਮਨੁੱਖਤਾ ਦੇ ਸੰਕੇਤ ਵਜੋਂ ਵੀ ਕੰਮ ਕਰੇਗਾ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਸੂਬਾ ਸਰਕਾਰਾਂ, ਖਾਸ ਕਰਕੇ ਪੰਜਾਬ, ਹਰਿਆਣਾ ਅਤੇ ਦਿੱਲੀ ਨੂੰ ਅਪੀਲ ਕੀਤੀ ਕਿ ਉਹ ਜੇਲ੍ਹ ਅਧਿਕਾਰੀਆਂ ਅਤੇ ਸ਼੍ਰੋਮਣੀ ਕਮੇਟੀ ਨਾਲ ਤਾਲਮੇਲ ਕਰਕੇ ਇੱਕ ਮਹੀਨੇ ਦੀ ਪੈਰੋਲ ਦੀ ਸਹੂਲਤ ਦੇਣ। ਸਰਨਾ ਨੇ ਕਿਹਾ ਕਿ ਅਜਿਹਾ ਕਦਮ ਸਿੱਖ ਵਿਸ਼ਵਾਸ ਦੇ ਦਿਲ ਵਿੱਚ ਸੁਲ੍ਹਾ ਅਤੇ ਨਿਆਂ ਦੀ ਭਾਵਨਾ ਦੀ ਭਾਵਨਾ ਪੈਦਾ ਕਰੇਗਾ। ਇਹ ਵਰ੍ਹੇਗੰਢ ਸਿਰਫ਼ ਯਾਦ ਕਰਨ ਬਾਰੇ ਨਹੀਂ ਹੈ, ਸਗੋਂ ਨਵੀਂ ਸ਼ੁਰੂਆਤ ਵੀ ਹੈ। ਇਹ ਰਾਜ ਲਈ ਦਇਆ ਅਤੇ ਮਾਣ ਦੀਆਂ ਕਦਰਾਂ-ਕੀਮਤਾਂ ਵਿੱਚ ਵਿਸ਼ਵਾਸ ਦਿਖਾਉਣ ਦਾ ਇੱਕ ਮੌਕਾ ਹੈ ਜੋ ਗੁਰੂ ਸਾਹਿਬ ਨੇ ਚਾਂਦਨੀ ਚੌਕ ਵਿਖੇ ਆਪਣੀ ਸ਼ਹਾਦਤ ਰਾਹੀਂ ਕਾਇਮ ਰੱਖੀ ਸੀ।



ਆਵਾਜ਼ਿ ਕੌਮ AWAZE QAUM International Newspaper & WEB TV

**ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਅੰਤਰਰਾਸ਼ਟਰੀ ਦਮਨ ’ਤੇ**

# ਬ੍ਰਿਟਿਸ਼ ਖੁਫੀਆ ਜਾਣਕਾਰੀ ਨੂੰ ਰਿਸ਼ੀ ਸੁਨਕ ਦੀ ਸਰਕਾਰ ਵਲੋਂ ਦਬਾਉਣ ਦੇ ਦੋਸ਼

**ਨਵੀਂ ਦਿੱਲੀ, 8 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)**:- ਸਿੱਖ ਫੈਡਰੇਸ਼ਨ (ਯੂਕੇ) ਨੇ ਬਲੂਮਬਰਗ ਵਲੋਂ ਭਾਈ ਹਰਦੀਪ ਸਿੰਘ ਨਿੱਝਰ, ਭਾਈ ਅਵਤਾਰ ਸਿੰਘ ਖੰਡਾ ਅਤੇ ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਅਤੇ ਕਤਲ ਦੀ ਸਾਜ਼ਿਸ਼ ਵਿਚ ਭਾਰਤ ਦੀ ਭੂਮਿਕਾ ਦੇ ਪੁਖਤਾ ਸਬੂਤਾਂ ਦੀ ਗੱਲ ਕਰਦਿਆਂ ਦਸਤਾਵੇਜ਼ੀ ’ਇਨਸਾਈਡ ਦ ਡੈਥਸ ਦੈਟ ਰੌਕਡ ਇੰਡੀਆਜ਼ ਰਿਲੇਸ਼ਨਸ਼ਿਪਸ ਵਿਦ ਦ ਵੈਸਟ’ ਤੋਂ ਬਾਅਦ ਸੁਰੱਖਿਆ ਮੰਤਰੀ ਡੈਨ ਜਾਰਵਿਸ ਨੂੰ ਪੱਤਰ ਲਿਖਿਆ ਹੈ । ਯਵੇਟ ਕੂਪਰ ਨੂੰ ਕਾਪੀ ਕੀਤੇ ਗਏ ਪੱਤਰ ਵਿੱਚ ਵਿਦੇਸ਼ ਸਕੱਤਰ ਨੂੰ ਦਸਿਆ ਗਿਆ ਹੈ ਕਿ ਬਲੂਮਬਰਗ ਦੁਆਰਾ ਕੀਤੇ ਗਏ ਖੁਲਾਸੇ ਨੇ ਯੂਕੇ ਵਿੱਚ ਸਿੱਖ ਕਾਰਕੁਨਾਂ ਲਈ ਖਤਰੇ ਦੀ ਘੰਟੀ ਵਜਾ ਦਿੱਤੀ ਹੈ। ਬਲੂਮਬਰਗ ਦਸਤਾਵੇਜ਼ੀ ਜੁਲਾਈ 2023 ਦੇ ਅਖੀਰ ਵਿੱਚ ਬ੍ਰਿਟਿਸ਼ ਖੁਫੀਆ ਜਾਣਕਾਰੀ ਦੁਆਰਾ ਇਕੱਠੀ ਕੀਤੀ ਗਈ ਖੁਫੀਆ ਜਾਣਕਾਰੀ ਦਾ ਹਵਾਲਾ ਦਿੰਦੀ ਹੈ ਜਿਸਦੀ ਗਲੋਬਲ ਨਿਊਜ਼ ਨੇ ਪੁਸ਼ਟੀ ਕੀਤੀ ਹੈ ਕਿ ਇਹ ਜੀਸੀਐਚਕਿਊ ਸੀ। ਦਸਤਾਵੇਜ਼ੀ ਵਿੱਚ ਕਿਹਾ ਗਿਆ ਹੈ ਕਿ ਬ੍ਰਿਟਿਸ਼ ਖੁਫੀਆ ਜਾਣਕਾਰੀ ਸਿਰਫ ਸਖ਼ਤ ਸ਼ਰਤਾਂ ਅਧੀਨ ਸਾਂਝੀ ਕੀਤੀ ਜਾਵੇਗੀ। ਇਸਨੂੰ ਓਟਾਵਾ ਨੂੰ ਹੱਥੀਂ ਪਹੁੰਚਾਇਆ ਜਾਵੇਗਾ ਅਤੇ ਇਲੈਕਟ੍ਰਾਨਿਕ ਪ੍ਰਣਾਲੀਆਂ ਤੋਂ ਦੂਰ ਰੱਖਿਆ ਜਾਵੇਗਾ ਅਤੇ ਲੰਡਨ ਦੁਆਰਾ ਪਹਿਲਾਂ ਤੋਂ ਮਨਜ਼ੂਰੀ ਪ੍ਰਾਪਤ ਕੁਝ ਮੁੱਠੀ ਭਰ ਕੈਨੇਡੀਅਨ ਅਧਿਕਾਰੀ ਹੀ ਇਸਨੂੰ ਦੇਖ ਸਕਦੇ ਸਨ। ਇਹ ਰਿਪੋਰਟ ਕੀਤੀ ਗਈ ਹੈ ਕਿ ਇਹ ਫਾਈਲ ਇੱਕ ਬ੍ਰਿਟਿਸ਼ ਖੁਫੀਆ ਏਜੰਸੀ ਦੁਆਰਾ ਉਹਨਾਂ ਵਿਅਕਤੀਆਂ ਵਿਚਕਾਰ ਕੀਤੀ ਗਈ ਗੱਲਬਾਤ ਦਾ ਸਾਰ ਸੀ ਜਿਨ੍ਹਾਂ ਬਾਰੇ ਵਿਸ਼ਲੇਸ਼ਕਾਂ ਦਾ ਮੰਨਣਾ ਸੀ ਕਿ ਉਹ ਭਾਰਤ ਸਰਕਾਰ ਵੱਲੋਂ ਕੰਮ ਕਰ ਰਹੇ ਸਨ। ਉਨ੍ਹਾਂ ਨੇ ਤਿੰਨ ਸੰਭਾਵੀ ਨਿਸ਼ਾਨਿਆਂ ’ਤੇ ਚਰਚਾ ਕੀਤੀ ਸੀ ਕਿ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ, ਯੂਕੇ ਵਿੱਚ ਅਵਤਾਰ ਸਿੰਘ ਖੰਡਾ ਅਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ। ਬਾਅਦ ਵਿੱਚ ਇਸ ਬਾਰੇ ਗੱਲਬਾਤ ਹੋਈ ਕਿ ਹਰਦੀਪ ਸਿੰਘ ਨਿੱਝਰ ਨੂੰ ਕਿਵੇਂ ਖਤਮ ਕੀਤਾ ਗਿਆ ਸੀ।



ਸੁਰੱਖਿਆ ਮੰਤਰੀ ਨੂੰ ਲਿਖੇ ਪੱਤਰ ਵਿੱਚ ਕਿਹਾ ਗਿਆ ਹੈ ਕਿ ਯੂਕੇ ਸਰਕਾਰ ਕੋਲ ਜੁਲਾਈ 2023 ਤੋਂ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਕੇ ਭਾਰਤ ਸਰਕਾਰ ਦੇ ਅੰਤਰਰਾਸ਼ਟਰੀ ਦਮਨ ਬਾਰੇ ਖੁਫੀਆ ਜਾਣਕਾਰੀ ਹੈ ਜੋ ਇਸਨੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੇ ਸੰਸਦ ਮੈਂਬਰਾਂ ਦੁਆਰਾ ਖਾਸ ਤੌਰ ’ਤੇ ਪੁੱਛੇ ਜਾਣ ’ਤੇ ਸਾਂਝੀ ਜਾਂ ਹਵਾਲਾ ਨਹੀਂ ਦਿੱਤੀ। ਸਿੱਖ ਫੈਡਰੇਸ਼ਨ (ਯੂਕੇ) ਦੇ ਲੀਡ ਐਗਜ਼ੀਕਿਊਟਿਵ ਦਬਿੰਦਰਜੀਤ ਸਿੰਘ ਓਬੀਈ ਨੇ ਕਿਹਾ ਕਿ ਅਸੀਂ ਖੁਲਾਸਾ ਕਰ ਸਕਦੇ ਹਾਂ ਕਿ ਉਸ ਸਮੇਂ ਦੇ ਸੁਰੱਖਿਆ ਮੰਤਰੀ ਟੌਮ ਤੁਗੇਂਧਾਤ ਨੇ 18 ਜੁਲਾਈ 2023 ਨੂੰ ਯੂਕੇ ਦੇ ਸੰਸਦ ਮੈਂਬਰਾਂ ਨਾਲ ਮੁਲਾਕਾਤ ਕੀਤੀ ਸੀ ਤਾਂ ਜੋ ਯੂਕੇ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਕੇ ਭਾਰਤ ਸਰਕਾਰ ਦੇ ਅੰਤਰਰਾਸ਼ਟਰੀ ਦਮਨ ਬਾਰੇ ਵਿਸ਼ੇਸ਼ ਤੌਰ ’ਤੇ ਚਰਚਾ ਕੀਤੀ ਜਾ ਸਕੇ। ਇਹ ਮੀਟਿੰਗ ਵਿਸ਼ੇਸ਼ ਤੌਰ ’ਤੇ 15 ਜੂਨ ਨੂੰ ਅਵਤਾਰ ਸਿੰਘ ਖੰਡਾ ਦੀ ਰਹੱਸਮਈ ਮੌਤ ਅਤੇ 18 ਜੂਨ ਨੂੰ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਆਯੋਜਿਤ ਕੀਤੀ ਗਈ ਸੀ। ਟੌਮ ਤੁਗੇਂਡਹਾਟ ਸੰਸਦ ਮੈਂਬਰਾਂ ਨਾਲ ਉਸ ਮੀਟਿੰਗ ਵਿੱਚ ਜੀਸੀਐਚਕਿਊ ਤੋਂ ਬ੍ਰਿਟਿਸ਼ ਖੁਫੀਆ ਜਾਣਕਾਰੀ ਬਾਰੇ ਚੁੱਪ ਰਹੇ, ਜਿਸਦਾ ਖੁਲਾਸਾ ਹੁਣ ਬਲੂਮਬਰਗ ਅਤੇ ਗਲੋਬਲ ਨਿਊਜ਼ ਦੁਆਰਾ ਕੀਤਾ ਗਿਆ ਹੈ। ਅਸੀਂ ਸਿਰਫ ਇਹ ਮੰਨ ਸਕਦੇ ਹਾਂ ਕਿ ਪ੍ਰਧਾਨ ਮੰਤਰੀ ਰਿਸ਼ੀ ਸੁਨਕ, ਜੋ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਜ਼ਦੀਕੀ ਹਨ, ਲੰਡਨ ਦੁਆਰਾ ਪਹਿਲਾਂ ਤੋਂ ਪ੍ਰਵਾਨਿਤ ਕੈਨੇਡੀਅਨ ਅਧਿਕਾਰੀਆਂ ਨੂੰ ਬ੍ਰਿਟਿਸ਼ ਖੁਫੀਆ ਜਾਣਕਾਰੀ ਪਹੁੰਚਾਉਣ ਲਈ ਅਪਨਾਏ ਗਏ ਕਵਰ-ਅਪ ਅਤੇ ਬਹੁਤ ਸਾਵਧਾਨੀ ਵਾਲੇ ਪਹੁੰਚ ਲਈ ਜ਼ਿੰਮੇਵਾਰ ਸਨ। ਡੈਨ ਜਾਰਵਿਸ ਨੂੰ ਲਿਖਿਆ ਪੱਤਰ ਅੱਗੇ ਕਹਿੰਦਾ ਹੈ ਕਿ ਅਸੀਂ ਅਵਤਾਰ ਸਿੰਘ ਖੰਡਾ ਦੀ ਰਹੱਸਮਈ ਮੌਤ ਨਾਲ ਸੰਬੰਧਿਤ ਬ੍ਰਿਟਿਸ਼ ਖੁਫੀਆ ਜਾਣਕਾਰੀ ਬਾਰੇ ਖਾਸ ਤੌਰ ’ਤੇ ਚਿੰਤਤ ਹਾਂ। ਇਹ ਪੱਤਰ ਅਵਤਾਰ ਦੇ ਪਰਿਵਾਰ ਦੀ ਨੁਮਾਇੰਦਗੀ ਕਰਨ ਵਾਲੇ ਬੈਰਿਸਟਰ ਮਾਈਕਲ ਪੋਲਕ ਨੂੰ ਕਾਪੀ ਕੀਤਾ ਗਿਆ ਹੈ ਜੋ ਉਸਦੀ ਮੌਤ ਦੀ ਜਾਂਚ ਅਤੇ ਜਾਂਚ ਦੀ ਮੰਗ ਕਰ ਰਿਹਾ ਹੈ। ਬਲੂਮਬਰਗ ਦੁਆਰਾ ਕੀਤੇ ਗਏ ਖੁਲਾਸੇ ਤੋਂ ਪਤਾ ਚੱਲਦਾ ਹੈ ਕਿ ਵੈਸਟ ਮਿਡਲੈਂਡਜ਼ ਪੁਲਿਸ ਅਤੇ ਕੋਰੋਨਰ ਨੂੰ ਹਨੇਰੇ ਵਿੱਚ ਰੱਖਿਆ ਗਿਆ ਹੋ ਸਕਦਾ ਹੈ ਜਾਂ ਕੋਈ ਪਰਦਾ ਪਾਇਆ ਗਿਆ ਹੈ। ਬਲੂਮਬਰਗ ਦਸਤਾਵੇਜ਼ੀ ਨਿਖਿਲ ਗੁਪਤਾ ਦੇ ਕੇਸ ’ਤੇ ਅਧਾਰਤ ਹੈ ਜੋ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਲਈ ਕਿਰਾਏ ਦੀ ਸਾਜ਼ਿਸ਼ ਦੇ ਦੋਸ਼ ਵਿਚ ਅਮਰੀਕਾ ਵਿੱਚ ਮੁਕੱਦਮੇ ਦਾ ਸਾਹਮਣਾ ਕਰ ਰਿਹਾ ਹੈ ਜਿਸਨੂੰ ਅਸਫਲ ਕਰ ਦਿੱਤਾ ਗਿਆ ਸੀ। ਦਸਤਾਵੇਜ਼ੀ ਗੁਪਤਾ ਅਤੇ ’ਅਮਾਨਤ’ ਨਾਮਕ ਵਿਅਕਤੀ ਵਿਚਕਾਰ ਸਿੱਧੇ ਸਬੰਧ ਦੇ ਉਸ ਮਾਮਲੇ ਵਿੱਚ ਪ੍ਰਗਟ ਕੀਤੇ ਗਏ ਸਬੂਤਾਂ ਦਾ ਹਵਾਲਾ ਦਿੰਦੀ ਹੈ। ਇਹ ਸੁਝਾਅ ਦਿੱਤਾ ਗਿਆ ਹੈ ਕਿ ਵਿਕਾਸ ਯਾਦਵ ਜੋ ਭਾਰਤ ਤੋਂ ਕਾਰਵਾਈਆਂ ਦਾ ਨਿਰਦੇਸ਼ਨ ਕਰ ਰਿਹਾ ਸੀ, ਨੇ ਆਪਣੇ ਸਹਿ-ਸਾਜ਼ਿਸ਼ਕਰਤਾ ਨਿਖਿਲ ਗੁਪਤਾ ਨਾਲ ਗੱਲਬਾਤ ਕਰਦੇ ਸਮੇਂ “ਅਮਾਨਤ” ਨੂੰ ਉਪਨਾਮ ਵਜੋਂ ਵਰਤਿਆ ਹੋ ਸਕਦਾ ਹੈ। ਹਾਲਾਂਕਿ, ਸਿੱਖ ਫੈਡਰੇਸ਼ਨ (ਯੂ.ਕੇ.) ਨੇ ਇਸ ਸਿਧਾਂਤ ’ਤੇ ਵੱਡੇ ਸ਼ੱਕ ਜਤਾਏ ਹਨ ਕਿਉਂਕਿ “ਅਮਾਨਤ” ਇੱਕ ਔਰਤ ਨਾਮ ਹੈ। ਡੈਨ ਜਾਰਵਿਸ ਨੂੰ ਲਿਖੇ ਪੱਤਰ ਵਿੱਚ ਭਾਰਤੀ ਰਾਅ ਏਜੰਟ ਸਰਵੇਸ਼ ਰਾਜ ਦਾ ਹਵਾਲਾ ਦਿੱਤਾ ਗਿਆ ਹੈ ਜਿਸਨੂੰ ਜੁਲਾਈ 2023 ਵਿੱਚ ਯੂ.ਕੇ. ਤੋਂ ਕੱਢ ਦਿੱਤਾ ਗਿਆ ਸੀ। ਇਹ ਦੱਸਿਆ ਗਿਆ ਹੈ ਕਿ ਸਰਵੇਸ਼ ਰਾਜ ਦੀ ਪਤਨੀ ’ਅਮਾਨਤ’ ਮਾਨ ਹੈ ਜੋ ਹਾਲ ਹੀ ਵਿੱਚ ਭਾਰਤ ਵਾਪਸ ਆਉਣ ਤੋਂ ਪਹਿਲਾਂ ਬਰਮਿੰਘਮ ਤੋਂ ਭਾਰਤ ਸਰਕਾਰ ਦੇ ਏਜੰਟ ਵਜੋਂ ਕੰਮ ਕਰਦੀ ਰਹੀ, ਜਿੱਥੇ ਉਸਨੂੰ ਤਰੱਕੀ ਦਿੱਤੀ ਗਈ ਹੈ। ਉਹ ਵਰਤਮਾਨ ਵਿੱਚ ਤਾਮਿਲਨਾਡੂ ਵਿੱਚ ਸਹਾਇਕ ਇੰਸਪੈਕਟਰ ਜਨਰਲ ਆਫ਼ ਪੁਲਿਸ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਅਸੀਂ ਸਮਝਦੇ ਹਾਂ ਕਿ ਅਵਤਾਰ ਦੇ ਪਰਿਵਾਰ ਲਈ ਕੰਮ ਕਰ ਰਹੇ ਬੈਰਿਸਟਰ ਮਾਈਕਲ ਪੋਲਕ ਅਵਤਾਰ ਸਿੰਘ ਖੰਡਾ ਦੀ ਹੱਤਿਆ ਵਿੱਚ ਯੂਕੇ-ਅਧਾਰਤ ਭਾਰਤੀ ਖੁਫੀਆ ਏਜੰਟ ਅਮਾਨਤ ਮਾਨ ਦੀ ਸੰਭਾਵਿਤ ਭੂਮਿਕਾ ਦੇ ਸਬੂਤ ਪੇਸ਼ ਕਰ ਸਕਦੇ ਹਨ। ਅਸੀਂ ਸਮਝਦੇ ਹਾਂ ਕਿ ਉਹ ਅਵਤਾਰ ਨਾਲ ਸਿੱਧੇ ਸੰਪਰਕ ਵਿੱਚ ਸੀ ਜਿਸਦੀ ਪੁਲਿਸ ਦੁਆਰਾ ਜਾਂਚ ਨਹੀਂ ਕੀਤੀ ਗਈ। ਵਿਦੇਸ਼ੀ ਰਾਜਨੀਤਿਕ ਦਖਲਅੰਦਾਜ਼ੀ ਅਤੇ ਭਾਰਤ ਸਰਕਾਰ ਦੁਆਰਾ ਇੱਕ ਗਲਤ ਜਾਣਕਾਰੀ ਮੁਹਿੰਮ ਦੀ ਮੀਡੀਆ ਰਿਪੋਰਟਿੰਗ ਹੋਣ ਦੀ ਵੀ ਉਮੀਦ ਹੈ ਜਿਸਨੂੰ ਅਮਾਨਤ ਮਾਨ ਦੁਆਰਾ ਸਵੀਕਾਰ ਕੀਤਾ ਗਿਆ ਸੀ ਅਤੇ ਹਾਊਸ ਆਫ਼ ਲਾਰਡਜ਼ ਵਿੱਚ ਦਾਖਲ ਹੋਣ ਵਾਲੇ ਇੱਕ ਪ੍ਰਮੁੱਖ ਸਿੱਖ ਕਾਰਕੁਨ ਵਿਰੁੱਧ ਕੀਰ ਸਟਾਰਮਰ ਅਤੇ ਮੋਰਗਨ ਮੈਕਸਵੀਨੀ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਸਿੱਖ ਫੈਡਰੇਸ਼ਨ (ਯੂਕੇ) ਨੇ ਡੈਨ ਜਾਰਵਿਸ ਅਤੇ ਯਵੇਟ ਕੂਪਰ ਨਾਲ ਤੁਰੰਤ ਮੀਟਿੰਗਾਂ ਦੀ ਬੇਨਤੀ ਕੀਤੀ ਹੈ ਤਾਂ ਜੋ ਉਹ ਸਿੱਖ ਭਾਈਚਾਰੇ ਨੂੰ ਯੂਕੇ ਵਿੱਚ ਸਿੱਖ ਕਾਰਕੁਨਾਂ ਦੀ ਸੁਰੱਖਿਆ ਅਤੇ ਸੁਰੱਖਿਆ ਬਾਰੇ ਭਰੋਸਾ ਦਿਵਾ ਸਕਣ ਜੋ ਸਪੱਸ਼ਟ ਤੌਰ ’ਤੇ ਜੋਖਮ ਵਿੱਚ ਹਨ।

**ਬਲੂਮਬਰਗ ਦੀ ਰਿਪੋਰਟ ਮੁਤਾਬਿਕ ਯੂਕੇ ਸਰਕਾਰ ਨੇ ਕੈਨੇਡਾ ਨੂੰ ਦਿੱਤੇ ਸਨ ਭਾਰਤ ਦੀ ਸ਼ਮੂਲੀਅਤ ਦੇ ਪੁਖਤਾ ਸਬੂਤ**

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਵਿੱਖੇ ਸੋਨੇ ਦਾ ਹਾਰ ਭੇਟਾ ਕੀਤਾ



**ਚੌਕ ਮਹਿਤਾ, 8 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-1978 ਦੇ ਨਕਲੀ ਨਿਰੰਕਾਰੀ ਕਾਂਡ ਦੇ ਮਹਾਨ ਸ਼ਹੀਦ ਸ਼ਹੀਦ ਭਾਈ ਫੌਜਾ ਸਿੰਘ ਜੀ ਦੇ ਸਪਤਨੀ ਸਵਰਗੀ ਬੀਬੀ ਅਮਰਜੀਤ ਕੌਰ ਜਿਹਨਾਂ ਲੰਮਾ ਯੋਧਪੁਰ ਜੇਲ ਵੀ ਕੱਟੀ ਉਹਨਾਂ ਦੀ ਇੱਛਾ ਸੀ ਕਿ ਗੁਰੂ ਰਾਮਦਾਸ ਪਾਤਸ਼ਾਹ ਦੇ ਪਾਵਨ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸੋਨੇ ਦਾ ਹਾਰ ਬਣਾਕੇ ਭੇਟ ਕੀਤਾ ਜਾਵੇ ਅੱਜ ਸ਼ਹੀਦ ਭਾਈ ਫੌਜਾ ਸਿੰਘ ਪਬਲਿਕ ਚੈਰੀਟੇਬਲ ਟਰਸਟ ਦੇ ਟਰਸਟੀਆਂ ਵਲੋ ਚੇਅਰਮੈਨ ਸਰਦਾਰ ਇੰਦਰਜੀਤ ਸਿੰਘ ਬਾਗੀ ਸਰਦਾਰ ਰਘਬੀਰ ਸਿੰਘ ਜਰਨਲ ਸਕੱਤਰ ਸਿੱਖ ਪੰਥ ਦੇ ਮਹਾਨ ਵਿਦਵਾਨ ਕਥਾਵਾਚਕ ਗਿਆਨੀ ਭੁਪਿੰਦਰ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ,ਬੀਬੀ ਸ਼ਰਨਜੀਤ ਕੌਰ ਬੀਜੀ ਦੇ ਭੈਣ ਬੀਬੀ ਪ੍ਰੀਤਮ ਕੌਰ ਸਰਦਾਰ ਅਵਤਾਰ ਸਿੰਘ ਸਰਦਾਰ ਅਰਸ਼ਦੀਪ ਸਿੰਘ ਏ ਡੀ ਸੀ ਪਠਾਨਕੋਟ ਰਵਤੇਸ਼ਇੰਦਰਜੀਤ ਸਿੰਘ ਬਾਗੀ ਤਵਤੇਸ਼ਇੰਦਰਜੀਤ ਸਿੰਘ ਬਾਗੀ ਰਸ਼ਿਪੰਦਰ ਸਿੰਘ ਲਵਜੀਤ ਸਿੰਘ ਸੁਖਦੀਪ ਸਿੰਘ ਖਾਲਸਾ ਅਤੇ ਪਰਿਵਾਰ ਦੇ ਮੈਬਰਾਂ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸੋਨੇ ਦਾ ਹਾਰ ਬਣਾਕੇ ਭੇਂਟ ਕੀਤਾ

# ਵਿਕਰਮ ਵੀਰ ਸਿੰਘ ਬਾਵਾ ਨੇ ਗਰੀਸ ’ਚ ਅੰਤਰਰਾਸ਼ਟਰੀ ਪ੍ਰਤੀਯੋਗਤਾ ਵਿੱਚ ਆਇਰਨ ਮੈਨ ਦਾ ਖਿਤਾਬ ਜਿੱਤ ਕੇ ਸਿੱਖਾਂ ਦਾ ਵਧਾਇਆ ਮਾਣ

**ਨਵੀਂ ਦਿੱਲੀ 8 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)**:- ਬਾਵਾ ਪਰਿਵਾਰ ਜੋ ਕਿ ਗੁਰੂ ਘਰਾਂ ਦੀਆਂ ਸੇਵਾਵਾਂ ਦੇ ਨਾਲ ਜੁੜਿਆ ਹੋਇਆ ਹੈ ਲਗਾਤਾਰ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿੱਚ ਸਮਰਪਿਤ ਭਾਵਨਾ ਨਾਲ ਸੇਵਾ ਨਿਭਾ ਰਿਹਾ ਹੈ। ਬਾਵਾ ਗੁਰਿੰਦਰ ਸਿੰਘ ਦੇ ਬੇਟੇ ਵਿਕਰਮ ਵੀਰ ਸਿੰਘ ਬਾਵਾ ਨੇ ਸਿੱਖੀ ਸਰੂਪ ’ਚ ਰਹਿੰਦਿਆ ਗਰੀਸ ਵਿੱਚ ਆਇਰਨ ਮੈਨ ਦਾ ਖਿਤਾਬ ਹਾਸਲ ਕੀਤਾ ਹੈ। ਇਹ ਖਿਤਾਬ ਵਿਕਰਮ ਵੀਰ ਸਿੰਘ ਬਾਵਾ ਨੇ ਜਦ ਹਾਸਿਲ ਕੀਤਾ ਤਾਂ ਉਸ ਸਮੇਂ ਜੈਕਾਰਿਆਂ ਦੀ ਗੂੰਜ ਨਾਲ ਉਸ ਸਮੇਂ ਦਾ ਮਾਹੌਲ ਦੇਖਣ ਯੋਗ ਸੀ। ਗਰੀਸ ਵਿੱਚ ਹੋਏ ਇਸ ਮੁਕਾਬਲੇ ਦਰਮਿਆਨ ਆਈਰਨ ਮੈਨ ਦਾ ਖਿਤਾਬ ਹਾਸਲ ਕਰਕੇ ਬਾਵਾ ਵਿਕਰਮ ਵੀਰ ਸਿੰਘ ਨੇ ਨੌਜੁਵਾਨਾਂ ਨੂੰ ਸਿੱਖੀ ਸਰੂਪ ਕਾਇਮ ਰੱਖਦਿਆ ਹਰੇਕ ਮੁਕਾਮ ਨੂੰ ਹਾਸਲ ਕਰਨ ਦਾ ਸੁਨੇਹਾ ਦਿੱਤਾ ਹੈ। ਬਾਬਾ ਵਿਕਰਮ ਵੀਰ ਸਿੰਘ ਨੇ ਗਰੀਸ ਵਿਚ ਆਇਰਨ ਮੈਨ ਦਾ ਖਿਤਾਬ ਹਾਸਲ ਕਰਦਿਆਂ ਆਪਣੇ ਖਾਤੇ ਵਿੱਚ ਹੁਣ ਤੱਕ ਤਿੰਨ ਖਿਤਾਬ ਹਾਸਲ ਕਰ ਲਏ ਹਨ। ਬਾਵਾ ਨੇ 2017 ਨੂੰ ਟਰਕੀ ਅਤੇ 2023 ਨੂੰ ਗੋਆ ਵਿੱਚ ਹੋਏ ਮੁਕਾਬਲਿਆਂ ਵਿੱਚ ਵੀ ਆਇਰਨ ਮੈਨ ਦਾ ਖਿਤਾਬ ਹਾਸਲ ਕੀਤਾ ਸੀ। ਮੁੰਬਈ ਦੇ ਆਇਰਨ ਮੈਨ ਵਜੋਂ ਜਾਣੇ ਜਾਂਦੇ ਹੋਟਲ ਕਾਰੋਬਾਰੀ ਲਗਾਤਾਰ ਵੱਖ-ਵੱਖ ਖੇਡਾਂ ਵਿੱਚ ਵੀ ਭਾਗ ਲੈਂਦੇ ਰਹੇ ਹਨ ਅਤੇ ਇਹ ਸੁਨੇਹਾ ਦਿੰਦੇ ਰਹੇ ਹਨ ਕਿ ਸਿੱਖੀ ਸਰੂਪ ਵਿੱਚ ਰਹਿ ਕੇ ਹਰ ਖਿਤਾਬ ਨੂੰ ਹਾਸਲ ਕੀਤਾ ਜਾ ਰਿਹਾ ਸਕਦਾ ਹੈ ਅਤੇ ਆਪਣਾ ਕਾਰੋਬਾਰ ਵੀ ਕੀਤਾ ਜਾ ਸਕਦਾ ਹੈ। ਲਗਾਤਾਰ ਸਫਲ ਕਾਰੋਬਾਰ ਦੇ ਨਾਲ ਸਫਲ ਐਥਲੀਟ ਵਜੋਂ ਵੀ ਆਪਣੇ ਆਪ ਨੂੰ ਵਿਕਰਮ ਵੀਰ ਸਿੰਘ ਬਾਵਾ ਨੇ ਉਭਾਰਿਆ ਹੈ। ਬਾਵਾ ਵਿਕਰਮ ਵੀਰ ਸਿੰਘ ਸ੍ਰੀ ਗੁਰੂ ਅੰਗਦ ਦੇਵ ਜੀ ਦੀ 16ਵੇਂ ਵੰਸ਼ਜ਼ ਹਨ। ਇਸ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਬਾਅਦ ਬਾਵਾ ਦਾਸੂ ਜੀ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਪਹਿਲੇ ਮੁਖੀ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਅਤੇ 15ਵੀਂ ਪੀੜੀ ਬਾਵਾ ਗੁਰਿੰਦਰ ਸਿੰਘ ਜੋ ਸਾਰੇ ਸਿੱਖ ਜਗਤ ਵਿੱਚ ਇੱਕ ਸਤਿਕਾਰਤ ਸ਼ਖਸ਼ੀਅਤ ਹਨ ਵਿਕਰਮ ਵੀਰ ਸਿੰਘ ਬਾਬਾ ਦੇ ਪਿਤਾ ਹਨ ਜੋ ਲਗਾਤਾਰ ਗੁਰੂ ਘਰਾਂ ਦੀਆਂ ਸੇਵਾਵਾਂ ਦੇ ਨਾਲ ਨਾਲ ਸਿੱਖ ਸੰਸਥਾਵਾਂ ਵਿਚ ਮੈਬਰ ਰਹਿ ਕੇ ਸੇਵਾ ਨਿਭਾ ਰਹੇ ਹਨ। ਵਿਕਰਮ ਵੀਰ ਸਿੰਘ ਬਾਵਾ ਨੇ ਦੱਸਿਆ ਕਿ ਇਸ ਮੁਕਾਬਲੇ ਨੂੰ ਪੂਰਾ ਕਰਨ ਲਈ 1.9 ਕਿਲੋਮੀਟਰ ਸਵਿਮਿੰਗ, 80 ਕਿਲੋਮੀਟਰ ਸਾਈਕਲਿੰਗ ਅਤੇ 21 ਕਿਲੋਮੀਟਰ ਦੌੜ ਦੇ ਮੁਕਾਬਲਿਆਂ ਨੂੰ ਇੱਕ ਹੀ ਦਿਨ ਵਿਚ ਬਿਨਾਂ ਰੁਕੇ ਪੂਰਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਉਹ ਨੌਜੁਵਾਨਾਂ ਨੂੰ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਸਿੱਖੀ ਸਰੂਪ ਵਿੱਚ ਰਹਿੰਦਿਆਂ ਜਿੱਥੇ ਆਪਾਂ ਵੱਡੇ ਕਾਰੋਬਾਰ ਕਰ ਸਕਦੇ ਹਾਂ, ਉੱਥੇ ਹੀ ਦੁਨੀਆ ਵਿੱਚ ਹਰ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਵੀ ਭਾਗ ਲੈ ਸਕਦੇ ਹਨ। ਸਿੱਖੀ ਸਰੂਪ ਵਿੱਚ ਰਹਿੰਦਿਆਂ ਹਰੇਕ ਤਰ੍ਹਾਂ ਦੀਆਂ ਖੇਡਾਂ ਵੀ ਖੇਡੀਆਂ ਜਾ ਸਕਦੀਆਂ ਹਨ। ਜਿਸ ਦੀ ਉਦਾਹਰਨ ਉਨ੍ਹਾਂ ਨੇ ਨੌਜੁਵਾਨਾਂ ਅੱਗੇ ਆਇਰਨ ਮੈਨ ਦੇ ਖਿਤਾਬ ਨੂੰ ਹਾਸਲ ਕਰਦਿਆ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਨੌਜੁਵਾਨਾਂ ਨੂੰ ਕਿਹਾ ਕਿ ਆਪਣੇ ਕਾਰੋਬਾਰ ਅਤੇ ਰੋਜ਼ਾਨਾ ਦੀ ਜ਼ਿੰਦਗੀ ਨੂੰ ਬਤੀਤ ਕਰਦਿਆ ਸਿਹਤ ਦਾ ਵੀ ਪੂਰਾ ਧਿਆਨ ਰੱਖੋ। ਸਿਹਤ ਲਈ ਜਿੱਥੇ ਸਾਫ ਸੁਥਰਾ ਤੇ ਪੋਸਟਿਕ ਖਾਣਾ ਜਰੂਰੀ ਹੈ ਉਥੇ ਹੀ ਸਿਹਤ ਸੰਭਾਲ ਦੇ ਲਈ ਐਕਸਰਸਾਈਜ਼ ਵੀ ਜਰੂਰੀ ਹੈ। ਉਹਨਾਂ ਨੌਜੁਵਾਨ ਪੀੜੀ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ। ਬਾਵਾ ਨੇ ਕਿਹਾ ਕਿ ਗੁਰੂ ਘਰਾਂ ਦੀ ਸੇਵਾ ਕਰੋ, ਨਾਮ ਜਪੋ ਅਤੇ ਆਪਣੇ ਮਾਪਿਆਂ ਦੀ ਸੇਵਾ ਕਰੋ ਜ਼ਿੰਦਗੀ ਵਿੱਚ ਕਿਸੇ ਕਿਸਮ ਦੀ ਤੋਟ ਨਹੀਂ ਆਵੇਗੀ ।




**ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ**

# ਪੈਨਸ਼ਨਰਜ਼ ਯੂਨੀਅਨ ਦੀ ਹੋਈ ਮੀਟਿੰਗ



**ਫ਼ਿਰੋਜ਼ਪੁਰ, 08 ਨਵੰਬਰ (ਮਨੋਹਰ ਲਾਲ)**:— ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਮੀਟਿੰਗ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਪ੍ਰਧਾਨ ਬਲਵੰਤ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਕਾਮਰੇਡ ਜਰਨੈਲ ਸਿੰਘ ਭਵਨ ਬੱਸ ਸਟੈਂਡ ਫ਼ਿਰੋਜ਼ਪੁਰ ਵਿਖੇ ਕੀਤੀ ਗਈ। ਮੀਟਿੰਗ ਦਾ ਆਗਾਜ਼ ਕਰਦਿਆਂ ਡਾਕਟਰ ਰਾਮੇਸ਼ਵਰ ਸਿੰਘ ਕਟਾਰਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਤੇ 350 ਸਾਲਾ ਦੇ ਪਿਛੋਕੜ ਦੇ ਇਤਿਹਾਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਦੌਰਾਨ ਪੈਨਸ਼ਨਰ ਆਗੂਆਂ ਓਮ ਪ੍ਰਕਾਸ਼, ਬਲਵੰਤ ਸਿੰਘ ਸੰਧੂ, ਬਲਬੀਰ ਸਿੰਘ ਸੰਧੂ, ਮਲਕੀਤ ਚੰਦ ਪਾਸੀ, ਕੁਲਦੀਪ ਸਿੰਘ ਖੁੰਘਰ, ਸੰਤ ਰਾਮ, ਰਾਜਪਾਲ ਅਤੇ ਮੁਖਤਿਆਰ ਸਿਘ ਨੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ, ਪੈਨਸ਼ਨਰ ਮਾਰੂ ਨੀਤੀਆਂ ਦੀ ਪੁਰਜ਼ੋਰ ਨਿਖੇਧੀ ਕੀਤੀ। ਪੈਨਸ਼ਨਰ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਅਤੇ ਗਵਾਂਡੀ ਰਾਜ 58 ਫੀਸਦੀ ਡੀ.ਏ ਦੇ ਰਹੇ ਹਨ, ਪਰ ਪੰਜਾਬ ਦੀ ਨਿਕੰਮੀ ਸਰਕਾਰ 42 ਫੀਸਦੀ ਡੀ.ਏ ਦੇ ਰਹੀ ਹੈ। ਆਗੂਆਂ ਨੇ ਕਿਹਾ ਕਿ 16 ਨਵੰਬਰ ਨੂੰ ਮੁੱਖ ਮੰਤਰੀ ਦੇ ਹਲਕੇ ਧੂਰੀ ਵਿਖੇ ਮੁਲਾਜਮ, ਪੈਨਸ਼ਨਰ ਸਾਂਝੇ ਫਰੰਟ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿਚ ਪੈਨਸ਼ਨਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਦੀ ਮਨਸ਼ਾ ਨਾਲ

# ਪੰਜਾਬ ਸਰਕਾਰ ਜਾਣ ਬੁਝ ਕੇ ਧਾਰਮਿਕ ਸਮਾਗਮਾਂ ਵਿਚ ਕਰ ਰਹੀ ਹੈ ਦਖਲਅੰਦਾਜ਼ੀ



**ਨਵੀਂ ਦਿੱਲੀ, 8 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)**:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਪਸ਼ਟ ਤੌਰ ਤੇ ਕਿਹਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮੌਕੇ ਧਾਰਮਿਕ ਸਮਾਗਮ ਅਤੇ ਕੀਰਤਨ ਦਰਬਾਰ ਕਰਵਾਉਣੇ ਸਿੱਖਾਂ ਦੀ ਨੁਮਾਇੰਦਾ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਰਜ ਹੈ ਅਤੇ ਪੰਜਾਬ ਸਰਕਾਰ ਨੂੰ ਇਸ ਵਿੱਚ ਦਖਲਅੰਦਾਜ਼ੀ ਤੋਂ ਬਚਣਾ ਚਾਹੀਦਾ ਹੈ। ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਰਤਨ ਸਮਾਗਮ ਕਰਨ ਦੀ ਇਜਾਜ਼ਤ ਨਾ ਦੇਣ ਬਾਰੇ ਚੱਲ ਰਹੀਆਂ ਖਬਰਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸਰਦਾਰ ਪ੍ਰਤਾਪ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਪਹਿਲਾਂ ਹੀ ਸਪਸ਼ਟ ਕੀਤਾ ਗਿਆ ਸੀ ਕਿ ਉਹ ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਕਾਸ ਕਾਰਜਾਂ ਵੱਲ ਧਿਆਨ ਦੇਵੇ ਅਤੇ ਸੰਗਤ ਦੀ ਸਹੂਲਤ ਲਈ ਸਹਿਯੋਗ ਕਰੇ। ਪ੍ਰੰਤੂ ਇਸ ਦੇ ਬਾਵਜੂਦ ਵੀ ਸਰਕਾਰ ਸਿੱਖ ਪੰਥ ਦੀਆਂ ਸੰਸਥਾਵਾਂ ਦੇ ਮੁਕਾਬਲੇ ਉਤੇ ਧਾਰਮਿਕ ਸਮਾਗਮ ਤੇ ਕੀਰਤਨ ਦਰਬਾਰ ਕਰਵਾਉਣ ਦੀ ਆਪਣੀ ਜਿੱਦ ਪੁਗਾ ਰਹੀ ਹੈ, ਜੋ ਪੰਥਕ ਭਾਵਨਾਵਾਂ ਦੇ ਵਿਰੁੱਧ ਹੈ। ਸ਼੍ਰੋਮਣੀ ਕਮੇਟੀ ਸਕੱਤਰ ਨੇ ਕਿਹਾ ਕਿ ਧਾਰਮਿਕ ਸਮਾਗਮ ਅਤੇ ਕੀਰਤਨ ਦਰਬਾਰ ਮਰਿਯਾਦਾ ਨਾਲ ਜੁੜਿਆ ਹੋਇਆ ਮਾਮਲਾ ਹੈ, ਜਿਸ ਵਿਚ ਕਿਸੇ ਕਿਸਮ ਦੀ ਅਵੱਗਿਆ ਬਾਅਦ ਵਿਵਾਦ ਬਣਦੇ ਹਨ। ਸਰਕਾਰ ਵੱਲੋਂ ਪਹਿਲਾਂ ਵੀ ਸ੍ਰੀ ਨਗਰ ਦੇ ਇਕ ਸਮਾਗਮ 'ਚ ਮਰਿਆਦਾ ਦੀ ਹੋਈ ਭਾਰੀ ਉਲੰਘਣਾ ਬਾਅਦ ਇਹ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਤੇ ਵਿਚਾਰਿਆ ਗਿਆ ਸੀ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਵੀ ਸਰਕਾਰ ਨੂੰ ਕਿਹਾ ਸੀ ਕਿ ਉਹ ਧਾਰਮਿਕ ਸਮਾਗਮਾਂ ਦੀ ਥਾਂ ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਵੱਲ ਧਿਆਨ ਦੇਵੇ ਅਤੇ ਸਮਾਗਮਾਂ ਦੀ ਜਿੰਮੇਵਾਰੀ ਸਿੱਖ ਸੰਸਥਾਵਾਂ ਨਿਭਾਉਣ। ਉਨ੍ਹਾਂ ਆਖਿਆ ਕਿ ਹੁਣ ਸਰਕਾਰ ਜਾਣ ਬੁਝ ਕੇ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਦੀ ਮਨਸ਼ਾ ਨਾਲ ਧਾਰਮਿਕ ਸਮਾਗਮਾਂ ਵਿਚ ਦਖਲਅੰਦਾਜ਼ੀ ਕਰ ਰਹੀ ਹੈ, ਜਿਸ ਤੋਂ ਉਸ ਨੂੰ ਬਚਣਾ ਚਾਹੀਦਾ ਹੈ ਸਕੱਤਰ ਸਰਦਾਰ ਪ੍ਰਤਾਪ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਸਾਹਿਬਾਨ ਅੰਦਰ ਸਮਾਗਮਾਂ ਦੀ ਇਜਾਜ਼ਤ ਦੇਣ ਮੌਕੇ ਪੰਥਕ ਭਾਵਨਾਵਾਂ ਨੂੰ ਮੱਦੇਨਜ਼ਰ ਰੱਖਦੀ ਹੈ ਅਤੇ ਉਹ ਧਾਰਮਿਕ ਤੇ ਪੰਥਕ ਸੰਸਥਾਵਾਂ ਤੇ ਜਥੇਬੰਦੀਆਂ ਤੋਂ ਬਿਨਾਂ ਕਿਸੇ ਹੋਰ ਨੂੰ ਅਜਿਹੀ ਆਗਿਆ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਵੱਡੇ ਪੱਧਰ 'ਤੇ ਸ਼ਤਾਬਦੀ ਦੇ ਸਮਾਗਮ ਰੱਖੇ ਹੋਏ ਹਨ ਜਿਨ੍ਹਾਂ ਵਿੱਚ ਹਰ ਇੱਕ ਨੂੰ ਸੱਦਾ ਹੈ ਅਤੇ ਸਰਕਾਰ ਵੀ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਿਲ ਹੋਵੇ ਪਰ ਸਿਆਸਤ ਨਾ ਕਰੇ। ਉਨ੍ਹਾਂ ਕਿਹਾ ਕਿ ਹੁਣ ਵੀ ਦੋ ਦਿਨਾਂ ਗੁਰਮਤਿ ਸਮਾਗਮ ਨੌਵੇਂ ਪਾਤਸ਼ਾਹ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਜਾਰੀ ਹਨ ਜਿੱਥੇ ਸੰਗਤਾਂ ਵੱਡੀ ਗਿਣਤੀ ਵਿੱਚ ਨਤਮਸਤਕ ਹੋ ਰਹੀਆਂ ਹਨ। ਸਰਕਾਰ ਨੂੰ ਕਿਸੇ ਵੀ ਸ਼ਤਾਬਦੀ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਰੋਕਿਆ ਨਹੀਂ ਹੈ, ਸਗੋਂ ਸਰਕਾਰ ਦੀ ਜਿੰਮੇਵਾਰੀ ਬਣਦੀ ਹੈ ਕਿ ਪੰਥ ਦੀਆਂ ਸੰਸਥਾਵਾਂ ਦੇ ਸਮਾਗਮਾਂ ਵਿਚ ਆ ਕੇ ਬੈਠੇ।

**ਪੰਜਾਬ ਸਰਕਾਰ ਧਾਰਮਿਕ ਸਮਾਗਮਾਂ ਚ ਦਖ਼ਲਅੰਦਾਜ਼ੀ ਤੋਂ ਬਚ ਕੇ ਆਪਣੇ ਕਾਰਜਾਂ ਵਲ ਦੇਵੇ ਧਿਆਨ**

ਆਵਾਜ਼ਿ ਕੌਮ AWAZE QAUM International Newspaper & WEB TV

ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ

# ਤਰਨਤਾਰਨ 'ਚ ਕੱਢੇ ਪੈਦਲ ਮਾਰਚ ਨੇ ਰਚਿਆ ਨਵਾਂ ਇਤਿਹਾਸ





**ਤਰਨਤਾਰਨ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਅੱਜ ਤਰਨਤਾਰਨ ਵਿਖੇ ਕੱਢਿਆ ਗਿਆ ਵਿਸ਼ਾਲ ਪੈਦਲ ਮਾਰਚ ਇਤਿਹਾਸਕ ਰਿਹਾ। ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੇ ਸਤਿਕਾਰਯੋਗ ਪਿਤਾ ਬਾਪੂ ਤਰਸੇਮ ਸਿੰਘ ਜੀ ਅਤੇ ਫਰੀਦਕੋਟ ਤੋਂ ਐਮ ਪੀ ਭਾਈ ਸਰਬਜੀਤ ਸਿੰਘ ਖਾਲਸਾ ਜੀ ਦੀ ਅਗਵਾਈ ਹੇਠ ਇਹ ਮਾਰਚ ਸਾਂਝੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਖਾਲਸਾ ਦੇ ਹੱਕ ਵਿੱਚ ਕੱਢਿਆ ਗਿਆ। ਇਸ ਮਾਰਚ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ, ਨੌਜਵਾਨਾਂ ਅਤੇ ਅਕਾਲੀ ਦਲ ਵਾਰਿਸ ਦੇ ਵਰਕਰਾਂ ਨੇ ਸ਼ਮੂਲੀਅਤ ਕੀਤੀ। ਪੂਰਾ ਤਰਨਤਾਰਨ ਪੀਲੇ ਤੇ ਨੀਲੇ ਰੰਗ ਦੇ ਝੰਡਿਆਂ ਨਾਲ ਪੰਥਕ ਮਾਹੌਲ ਵਿੱਚ ਰੰਗਿਆ ਹੋਇਆ ਸੀ, ਜਿਨ੍ਹਾਂ 'ਤੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਤਸਵੀਰ ਅਤੇ ਪਾਰਟੀ ਦਾ ਚੋਣ ਨਿਸ਼ਾਨ "ਬਾਲਟੀ" ਛਪਿਆ ਹੋਇਆ ਸੀ। ਸੜਕਾਂ 'ਤੇ "ਖਾਲਸਾ ਜਿੱਤੂਗਾ - ਸਿੱਖ ਰਾਜ ਆਏਗਾ" ਦੇ ਨਾਰੇ ਗੂੰਜ ਰਹੇ ਸਨ। ਪੈਦਲ ਮਾਰਚ ਦੀ ਸ਼ੁਰੂਆਤ ਤਰਨਤਾਰਨ ਝਬਾਲ ਚੌਂਕ ਤੋਂ ਹੋਈ ਅਤੇ ਇਹ ਗੁਰਦੁਆਰਾ ਸ੍ਰੀ ਟੱਕਰ ਸਾਹਿਬ ਵਿਖੇ ਆ ਕੇ ਸਮਾਪਤ ਹੋਈ। ਇਸ ਦੌਰਾਨ ਭਾਈ ਮਨਦੀਪ ਸਿੰਘ ਖਾਲਸਾ ਨੇ ਕਿਹਾ ਕਿ ਇਹ ਪੈਦਲ ਮਾਰਚ ਸਿਰਫ਼ ਚੋਣੀ ਪ੍ਰਚਾਰ ਨਹੀਂ, ਸਗੋਂ ਪੰਥਕ ਜਾਗਰੂਕਤਾ ਦਾ ਸੰਦੇਸ਼ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਦੁਬਾਰਾ ਗੁਰੂ ਦੇ ਸਿਧਾਂਤਾਂ 'ਤੇ ਟਿਕੀ ਰਾਜਨੀਤੀ ਵੱਲ ਵਾਪਸ ਆ ਰਹੀ ਹੈ। ਇਸ ਮੌਕੇ ਮਾਤਾ ਬਲਵਿੰਦਰ ਕੌਰ ਜੀ, ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਪਰਮਜੀਤ ਸਿੰਘ ਜੌਹਲ, ਭਾਈ ਪ੍ਰਗਟ ਸਿੰਘ ਮੀਆਂਵਿੰਡ, ਭਾਈ ਅਮਨਦੀਪ ਸਿੰਘ ਡੱਡੂਆਣਾ, ਭਾਈ ਦਇਆ ਸਿੰਘ ਜੀ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਜਸਕਰਨ ਸਿੰਘ ਕਾਹਨਸਿੰਘ ਵਾਲਾ, ਭਾਈ ਜੁਗਰਾਜ ਸਿੰਘ ਲਾਲਨੰਗਲ, ਭਾਈ ਹਰਜਿੰਦਰ ਸਿੰਘ ਲਈ ਜੌਹਲ, ਭਾਈ ਕਰਨਵੀਰ ਸਿੰਘ ਫਿਰੋਜ਼ਪੁਰ, ਭਾਈ ਅਜੇਪਾਲ ਸਿੰਘ ਢਿਲੋਂ, ਭਾਈ ਬਲਜੀਤ ਸਿੰਘ ਚਾਟੀਵਿੰਡ, ਭਾਈ ਸੁਖਬੀਰ ਸਿੰਘ ਵਲਟੋਹਾ, ਬਲਦੇਵ ਸਿੰਘ ਬਿੱਟਾ, ਬਾਬਾ ਜਰਮਨਜੀਤ ਸਿੰਘ, ਭਾਈ ਚਮਕੌਰ ਸਿੰਘ ਧੁੰਨ, ਭਾਈ ਰਜਿੰਦਰ ਸਿੰਘ ਤਲਵੰਡੀ, ਭਾਈ ਜੁਗਰਾਜ ਸਿੰਘ ਭੰਗਵਾਂ, ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰਾ, ਭਾਈ ਹਰਪ੍ਰੀਤ ਸਿੰਘ ਸਮਾਧਭਾਈ, ਭਾਈ ਮਨਜਿੰਦਰ ਸਿੰਘ ਕਲੇਰ, ਭਾਈ ਅਮਰਜੀਤ ਸਿੰਘ ਸੋਨੂੰ ਪੰਡੋਰੀ, ਰਣਜੀਤ ਸਿੰਘ ਰਾਣਾਂ, ਬੀਬੀ ਮਨਜੀਤ ਕੌਰ, ਮਹਿੰਦਰਪਾਲ ਸਿੰਘ ਤੁੰਗ, ਭਾਈ ਹਰਪ੍ਰੀਤ ਸਿੰਘ ਅਤੇ ਸੈਂਕੜੇ ਹੋਰ ਸੀਨੀਅਰ ਆਗੂ ਹਾਜ਼ਰ ਸਨ। ਅਕਾਲੀ ਦਲ ਵਾਰਿਸ ਦੇ ਆਗੂਆਂ ਨੇ ਕਿਹਾ ਕਿ ਇਹ ਪੈਦਲ ਮਾਰਚ ਸਾਬਤ ਕਰਦਾ ਹੈ ਕਿ ਪੰਜਾਬ ਦਾ ਨੌਜਵਾਨ ਹੁਣ ਗੱਦਾਰਾਂ ਤੇ ਧੱਕੇਸ਼ਾਹ ਸਰਕਾਰਾਂ ਦੇ ਖਿਲਾਫ਼ ਖੜ੍ਹ ਚੁੱਕਾ ਹੈ ਅਤੇ ਉਹ ਸੱਚੀ ਪੰਥਕ ਰਾਜਨੀਤੀ ਨਾਲ ਜੁੜ ਚੁੱਕਾ ਹੈ। ਸੰਗਤ ਵੱਲੋਂ ਮਿਲੇ ਪਿਆਰ ਅਤੇ ਜੋਸ਼ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਤਰਨਤਾਰਨ ਹੀ ਨਹੀਂ, ਸਾਰਾ ਪੰਜਾਬ ਭਾਈ ਮਨਦੀਪ ਸਿੰਘ ਖਾਲਸਾ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਦੇ ਨਾਲ ਖੜ੍ਹਾ ਹੈ।

**ਸਾਂਝੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਖਾਲਸਾ ਦੇ ਹੱਕ ਵਿੱਚ ਸੰਗਤ ਦਾ ਬੇਮਿਸਾਲ ਜੋਸ਼ ਤਰਨਤਾਰਨ ਗੂੰਜਿਆ "ਬਾਲਟੀ ਜਿੱਤੂਗੀ" ਦੇ ਨਾਰਿਆਂ ਨਾਲ**

ਆਵਾਜ਼ਿ ਕੌਮ AWAZE QAUM International Newspaper & WEB TV

# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦਾ ਦੌਰ ਨਿਰੰਤਰ ਜਾਰੀ

## ਬੱਚੇ, ਔਰਤਾਂ ਅਤੇ ਮਰਦ ਉਤਸ਼ਾਹ ਨਾਲ ਭਰ ਰਹੇ ਨੇ ਹਾਜ਼ਰੀ



**ਫ਼ਿਰੋਜ਼ਪੁਰ, 08 ਨਵੰਬਰ (ਮਨੋਹਰ ਲਾਲ)** :— ਅਨੋਖੇ ਅਮਰ ਸ਼ਹੀਦ ਵਜੋਂ ਜਾਣੇ ਜਾਂਦੇ ਧੰਨ—ਧੰਨ ਬਾਬਾ ਦੀਪ ਸਿੰਘ ਜੀ ਦਾ ਮਹਾਨ ਸ਼ਹੀਦੀ ਦਿਹਾੜਾ ਫ਼ਿਰੋਜ਼ਪੁਰ ਦੇ ਮਖੂ ਗੇਟ ਸਥਿਤ ਗੁਰਦੁਆਰਾ ਭਾਈ ਹਾਕਮ ਸਿੰਘ ਵਿਖੇ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ, ਜਿਸ ਦੇ ਸਬੰਧ ਵਿਚ ਆਖੰਡ ਪਾਠਾਂ ਦੀ ਲੜੀ ਦੇ ਨਾਲ—ਨਾਲ 2 ਨਵੰਬਰ ਤੋਂ ਪ੍ਰਭਾਤ ਫੇਰੀਆਂ ਦਾ ਦੌਰ ਨਿਰੰਤਰ ਜਾਰੀ ਹੈ, ਜ਼ੋ ਸਵੇਰੇ ਰੋਜਾਨਾ 4 ਵਜੇ ਇਨ੍ਹਾਂ ਪ੍ਰਭਾਤ ਫੇਰੀਆਂ ਦੀ ਆਰੰਭਤਾ ਹੁੰਦੀ ਹੈ ਅਤੇ ਤਕਰੀਬਨ 6:30 ਵਜੇ ਗੁਰਦੁਆਰਾ ਸਾਹਿਬ ਵਾਪਸੀ ਹੁੰਦੀ ਹੈ। ਇਨ੍ਹਾਂ ਪ੍ਰਭਾਤ ਫੇਰੀਆਂ ਲਈ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਬੱਚੇ, ਮਰਦ, ਔਰਤਾਂ ਅਤੇ ਬਜੁਰਗ ਵੀ ਭਾਰੀ ਗਿਣਤੀ ਵਿਚ ਇਨ੍ਹਾਂ ਵਿਚ ਸ਼ਾਮਲ ਹੋ ਕੇ ਗੁਰੂ ਜ਼ਸ ਗਾਇਨ ਕਰਦੇ ਹਨ ਅਤੇ ਇਨ੍ਹਾਂ ਸੰਗਤਾਂ ਦੀ ਸੇਵਾ ਕਰਨ ਵਾਲਿਆਂ ਵਿਚ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਪ੍ਰਬੰਧਕਾਂ ਬਾਬਾ ਮੁਖਤਿਆਰ ਸਿੰਘ ਅਤੇ ਭਾਈ ਜ਼ਸਪਾਲ ਸਿੰਘ ਨੇ ਦੱਸਿਆ ਕਿ ਇਹ ਪ੍ਰਭਾਤ ਫੇਰੀਆਂ 2 ਨਵੰਬਰ ਤੋਂ ਸ਼ੁਰੂ ਹੋ ਕੇ 12 ਨਵੰਬਰ ਤੱਕ ਨਿਰੰਤਰ ਚੱਲਣਗੀਆਂ ਅਤੇ 13 ਨੂੰ ਇਕ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ ਇਸ ਸ਼ਹੀਦੀ ਦਿਹਾੜੇ ਦਾ ਮੁੱਖ ਸਮਾਗਮ 15 ਨਵੰਬਰ ਨੂੰ ਹੋਵੇਗਾ, ਜਿਸ ਵਿਚ ਕੌਮ ਦੇ ਉੱਘੇ ਰਾਗੀ ਢਾਡੀ ਜਥੇ ਪਹੁੰਚ ਰਹੇ ਹਨ। ਇਸ ਸਮੇਂ ਬਾਬਾ ਮੁਖਤਿਆਰ ਸਿੰਘ, ਭਾਈ ਜ਼ਸਪਾਲ ਸਿੰਘ, ਸੁਰਜੀਤ ਸਿੰਘ, ਗੁਰਚਰਨ ਸਿੰਘ ਬਾਵਾ, ਅਨੂਪ ਸਿੰਘ, ਸੁਖਦੇਵ ਸਿੰਘ ਭੁੱਲਰ, ਜਗਦੀਸ਼ ਲਾਲ ਬਜਾਜ, ਡਾ: ਰਜੇਸ਼ ਧਵਨ, ਪਰਗਟ ਸਿੰਘ, ਅਜਮੇਰ ਸਿੰਘ, ਬਾਬਾ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕੌਮੀ ਯੋਧੇ ਭਾਈ ਸੰਦੀਪ ਸਿੰਘ ਸੰਨੀ ਦੇ ਭਰਾ ਭਾਈ ਮਨਦੀਪ ਸਿੰਘ ਦੇ ਹੱਕ 'ਚ ਮਾਨ ਦਲ ਵੱਲੋਂ ਕੀਤਾ ਜਾ ਰਿਹਾ ਧੂੰਆਂਧਾਰ ਚੋਣ ਪ੍ਰਚਾਰ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ



**ਅੰਮ੍ਰਿਤਸਰ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਵਿਧਾਨ ਸਭਾ ਹਲਕਾ ਤਰਨ ਤਰਨ ਦੀ ਜ਼ਿਮਨੀ ਚੋਣ 'ਚ ਪੰਥਕ ਜਥੇਬੰਦੀਆਂ ਦੇ ਸਾਂਝੇ ਉਮੀਦਵਾਰ ਭਾਈ ਮਨਦੀਪ ਸਿੰਘ ਖ਼ਾਲਸਾ (ਭਰਾਤਾ ਭਾਈ ਸੰਦੀਪ ਸਿੰਘ ਸੰਨੀ) ਦੇ ਹੱਕ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ, ਜਨਰਲ ਸਕੱਤਰ ਭਾਈ ਹਰਪਾਲ ਸਿੰਘ ਬਲੇਰ, ਇਸਤਰੀ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਬੀਬੀ ਕੁਲਵਿੰਦਰ ਕੌਰ ਖਾਲਸਾ ਅਤੇ ਪਾਰਟੀ ਦੇ ਹੋਰ ਆਗੂਆਂ ਤੇ ਵਰਕਰਾਂ ਵੱਲੋਂ ਕਈ ਦਿਨਾਂ ਤੋਂ ਲਗਾਤਾਰ ਡਟ ਕੇ ਧੂੰਆਂਧਾਰ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਸਦੀ ਬਦੌਲਤ ਭਾਈ ਮਨਦੀਪ ਸਿੰਘ ਦੇ ਹੱਕ ਵਿੱਚ ਤਰਨ ਤਾਰਨ ਸ਼ਹਿਰ ਤੇ ਪਿੰਡਾਂ ਵਿੱਚ ਪੂਰੀ ਲਹਿਰ ਬਣ ਚੁੱਕੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸਿੱਖ ਕੌਮ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਖ਼ਿਲਾਫ਼ ਮੰਦੀ ਸ਼ਬਦਾਵਲੀ ਵਰਤਣ ਵਾਲੇ ਸੁਧੀਰ ਸੂਰੀ ਅਤੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਨ ਵਾਲੇ ਜ਼ਾਲਮ ਥਾਣੇਦਾਰ ਸੂਬਾ ਸਰਹੰਦ ਨੂੰ ਖ਼ਾਲਸਾਈ ਪ੍ਰੰਪਰਾਵਾਂ ਅਨੁਸਾਰ ਸੋਧ ਕੇ ਭਾਈ ਸੰਦੀਪ ਸਿੰਘ ਸੰਨੀ ਨੇ ਮਹਾਨ ਜੁਝਾਰੂ ਕਾਰਨਾਮਾ ਕੀਤਾ ਹੈ, ਜਿਸ ਉੱਤੇ ਪੰਥ ਨੂੰ ਸਦਾ ਮਾਣ ਰਹੇਗਾ। ਉਹਨਾਂ ਕਿਹਾ ਕਿ ਇਸ ਸਮੇਂ ਭਾਈ ਸੰਦੀਪ ਸਿੰਘ ਸੰਨੀ ਜੋ ਸੰਗਰੂਰ ਜੇਲ੍ਹ ਵਿੱਚ ਨਜ਼ਰਬੰਦ ਹਨ, ਉਹਨਾਂ ਦੀ ਕੁਰਬਾਨੀ ਅਤੇ ਪੰਥਕ ਘਾਲਣਾ ਨੂੰ ਮੁੱਖ ਰੱਖਦਿਆਂ ਉਹਨਾਂ ਦੇ ਵੱਡੇ ਭਰਾਤਾ ਭਾਈ ਮਨਦੀਪ ਸਿੰਘ ਖਾਲਸਾ ਨੂੰ ਵੋਟਾਂ ਪਾ ਕੇ ਜਿਤਾਇਆ ਜਾਏ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਤਰਨ ਤਾਰਨ ਵਿਖੇ ਪਾਰਟੀ ਦੇ ਦਫਤਰ ਵਿੱਚ ਸ. ਸਿਮਰਨਜੀਤ ਸਿੰਘ ਮਾਨ ਨਾਲ ਮੁਲਾਕਾਤ ਅਤੇ ਪੰਥਕ ਵਿਚਾਰਾਂ ਕੀਤੀਆਂ ਤੇ ਭਾਈ ਮਨਦੀਪ ਸਿੰਘ ਦੀ ਜਿੱਤ ਲਈ ਅਰਦਾਸ ਵੀ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਫਿਰੋਜ਼ਪੁਰ ਵਿਚ ਵਿਕਾਸ ਦੀ ਨਵੀਂ ਪਟੜੀ, ਵੰਦੇ ਭਾਰਤ ਦੀ ਸੌਗਾਤ : ਰਾਣਾ ਸੋਢੀ

# ਰੇਲ ਰਾਜ ਮੰਤਰੀ ਰਵਨੀਤ ਬਿੱਟੂ ਤੇ ਰਾਣਾ ਸੋਢੀ ਨੇ ਦਿਖਾਈ ਹਰੀ ਝੰਡੀ









**ਫ਼ਿਰੋਜ਼ਪੁਰ, 08 ਨਵੰਬਰ (ਮਨੋਹਰ ਲਾਲ) :—** ਸਰਹੱਦੀ ਜ਼ਿਲ੍ਹਾ ਫਿਰੋਜ਼ਪੁਰ ਨੂੰ ਵੰਦੇ ਭਾਰਤ ਟ੍ਰੇਨ ਦੀ ਵੱਡੀ ਸੌਗਾਤ ਮਿਲ ਗਈ ਹੈ, ਜਿੱਥੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਰਚੁਅਲ ਤਰੀਕੇ ਨਾਲ ਇਸ ਦਾ ਸ਼ੁਭਾਰੰਭ ਕੀਤਾ, ਉਥੇ ਹੀ ਰੇਲ ਰਾਜ ਮੰਤਰੀ ਰਵਨੀਤ ਬਿੱਟੂ ਅਤੇ ਭਾਜਪਾ ਦੇ ਰਾਸ਼ਟਰੀ ਕਾਰਜਕਾਰੀ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਨੇ ਫਿਰੋਜ਼ਪੁਰ ਤੋਂ ਹਰੀ ਝੰਡੀ ਦਿਖਾ ਕੇ ਟ੍ਰੇਨ ਨੂੰ ਰਵਾਨਾ ਕੀਤਾ। ਇਸ ਮੌਕੇ ਭਾਜਪਾ ਦੇ ਕਾਰਜਕਾਰੀ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ, ਮਹਾਸਚਿਵ ਰਾਕੇਸ਼ ਰਾਠੌੜ, ਜ਼ਿਲ੍ਹਾ ਪ੍ਰਧਾਨ ਸਰਬਜੀਤ ਬੋਬੀ ਬਾਠ ਆਦਿ ਮੌਜੂਦ ਸਨ। ਫ਼ਿਰੋਜ਼ਪੁਰ ਛਾਉਣੀ ਰੇਲਵੇ ਸਟੇਸ਼ਨ 'ਤੇ ਡੀ.ਆਰ.ਐਮ. ਸੰਜੀਵ ਕੁਮਾਰ ਦੀ ਅਗਵਾਈ ਵਿੱਚ ਭਵਿਆ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਮਾਜ ਸੇਵੀ ਸੰਸਥਾਵਾਂ ਤੇ ਕਈ ਹੋਰ ਮਾਣਯੋਗ ਹਸਤੀਆਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਵੰਦੇ ਭਾਰਤ ਦੀ ਇਸ ਇਤਿਹਾਸਕ ਸ਼ੁਰੂਆਤ ਨੂੰ ਲੈ ਕੇ ਸਾਬਕਾ ਕੈਬਨਿਟ ਮੰਤਰੀ ਅਤੇ ਭਾਜਪਾ ਰਾਸ਼ਟਰੀ ਕਾਰਜਕਾਰੀ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਦੌਰਾਨ ਬੋਲਦਿਆਂ ਰਾਣਾ ਸੋਢੀ ਨੇ ਕਿਹਾ ਕਿ ਇਹ ਇਤਿਹਾਸਕ ਕਦਮ ਫਿਰੋਜ਼ਪੁਰ ਨੂੰ ਵਿਕਾਸ ਦੀ ਨਵੀਂ ਪਟੜੀ 'ਤੇ ਲੈ ਜਾਵੇਗਾ ਅਤੇ ਇਸ ਦਾ ਲਾਭ ਖੇਤਰ ਦੇ ਵਪਾਰੀਆਂ ਸਮੇਤ ਸਮੂਹ ਲੋਕਾਂ ਨੂੰ ਹੋਵੇਗਾ। ਉਨ੍ਹਾਂ ਕਿਹਾ ਕਿ ਵੰਦੇ ਭਾਰਤ ਟ੍ਰੇਨ ਪੂਰੇ ਮਾਲਵਾ ਖੇਤਰ ਲਈ ਵਰਦਾਨ ਸਾਬਤ ਹੋਵੇਗੀ ਅਤੇ ਹੁਣ ਫਿਰੋਜ਼ਪੁਰ ਦਾ ਨਾਮ ਦੇਸ਼ ਦੇ ਵੱਡੇ ਸ਼ਹਿਰਾਂ ਦੀ ਕਤਾਰ ਵਿੱਚ ਸ਼ਾਮਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਰੇਲ ਸਵੇਰੇ 7:55 ਵਜੇ ਫਿਰੋਜ਼ਪੁਰ ਤੋਂ ਚੱਲ ਕੇ ਫਰੀਦਕੋਟ, ਬਠਿੰਡਾ, ਧੂਰੀ, ਪਟਿਆਲਾ, ਅੰਬਾਲਾ, ਕੁਰੂਕਸ਼ੇਤਰ ਅਤੇ ਪਾਣੀਪਤ ਰਾਹੀਂ ਦੁਪਹਿਰ 2:35 ਵਜੇ ਪੁਰਾਣੀ ਦਿੱਲੀ ਪਹੁੰਚੇਗੀ, ਜਿਥੋਂ ਵਾਪਸੀ ਸ਼ਾਮ 4:00 ਵਜੇ ਦਿੱਲੀ ਤੋਂ ਚੱਲ ਕੇ ਰਾਤ 10:35 ਵਜੇ ਫਿਰੋਜ਼ਪੁਰ ਪਹੁੰਚੇਗੀ। ਗੱਲਬਾਤ ਕਰਦਿਆਂ ਰਾਣਾ ਸੋਢੀ ਨੇ ਕਿਹਾ ਕਿ ਇਹ ਟ੍ਰੇਨ ਸੇਵਾ ਖੇਤਰ ਦੇ ਵਪਾਰ, ਉਦਯੋਗ, ਸਿੱਖਿਆ ਅਤੇ ਟੂਰਿਜ਼ਮ ਨੂੰ ਨਵੀਂ ਰਫ਼ਤਾਰ ਦੇਵੇਗੀ ਅਤੇ ਸਾਲਾਂ ਤੋਂ ਚੱਲ ਰਹੀ ਸਿੱਧੀ ਰੇਲ ਸੇਵਾ ਦੀ ਮੰਗ ਹੁਣ ਪੂਰੀ ਹੋ ਗਈ ਹੈ। ਉਨ੍ਹਾਂ ਕਿਹਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਰੇਲਵੇ ਢਾਂਚੇ ਵਿੱਚ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ। ਪਿਛਲੀਆਂ ਸਰਕਾਰਾਂ ਨੇ ਹਮੇਸ਼ਾਂ ਫਿਰੋਜ਼ਪੁਰ ਦੀ ਅਣਦੇਖੀ ਕੀਤੀ, ਪਰ ਭਾਜਪਾ ਸਰਕਾਰ ਨੇ ਸਾਬਤ ਕਰ ਦਿੱਤਾ ਕਿ ਵਿਕਾਸ ਹੀ ਉਸ ਦੀ ਪਹਿਲ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਰੇਲਵੇ ਨੇ ਫਿਰੋਜ਼ਪੁਰ ਲਈ ਟ੍ਰੇਨਾਂ ਦਾ ਪਿਟਾਰਾ ਖੋਲ੍ਹ ਦਿੱਤਾ ਹੈ, ਜਿਸ ਤਹਿਤ 2023 ਵਿੱਚ ਰਾਮੇਸ਼ਵਰਮ ਲਈ ਟ੍ਰੇਨ, ਜੂਨ 2024 ਵਿੱਚ ਨਾਂਦੇੜ ਸਾਹਿਬ ਅਤੇ ਹਰਿਦੁਆਰ ਲਈ ਟ੍ਰੇਨ, ਮੋਗਾ—ਨਵੀਂ ਦਿੱਲੀ ਐਕਸਪ੍ਰੈੱਸ ਦਾ ਫਿਰੋਜ਼ਪੁਰ ਤੋਂ ਸ਼ੁਰੂ ਹੋਣਾ ਅਤੇ ਚੰਡੀਗੜ੍ਹ ਟ੍ਰੇਨ ਦਾ ਮੁੜ ਚਾਲੂ ਹੋਣਾ, ਇਹ ਸਾਰਾ ਕੇਂਦਰ ਸਰਕਾਰ ਦੀ ਲੋਕ—ਹਿਤੈਸ਼ੀ ਨੀਤੀਆਂ ਦਾ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਉਹ ਨਿਰੰਤਰ ਕੇਂਦਰੀ ਮੰਤਰੀਆਂ ਨਾਲ ਮਿਲ ਕੇ ਫਿਰੋਜ਼ਪੁਰ ਦੇ ਵਿਕਾਸ ਪ੍ਰੋਜੈਕਟਾਂ ਨੂੰ ਅੱਗੇ ਵਧਾ ਰਹੇ ਹਨ। ਗੱਲਬਾਤ ਜਾਰੀ ਰੱਖਦਿਆਂ ਰਾਣਾ ਸੋਢੀ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਅਤੇ ਫਿਰੋਜ਼ਪੁਰ ਦੀ ਜਨਤਾ ਵਿਚਕਾਰ ਇੱਕ ਮਜ਼ਬੂਤ ਪੁਲ ਵਜੋਂ ਕੰਮ ਕਰ ਰਹੇ ਹਨ ਅਤੇ ਆਪਣੀ ਜਨਮਭੂਮੀ ਨੂੰ ਕਰਮਭੂਮੀ ਬਣਾਕੇ ਖੇਤਰ ਨੂੰ ਵਿਕਾਸ ਦੀ ਨਵੀਂ ਦਿਸ਼ਾ ਦੇਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ 5 ਜਨਵਰੀ 2022 ਨੂੰ ਜਦੋਂ ਪ੍ਰਧਾਨ ਮੰਤਰੀ ਮੋਦੀ ਜੀ ਫਿਰੋਜ਼ਪੁਰ ਆ ਰਹੇ ਸਨ ਤਾਂ ਕੁਝ ਸਮਾਜ ਵਿਰੋਧੀ ਤੱਤਾਂ ਨੇ ਉਨ੍ਹਾਂ ਦਾ ਰਸਤਾ ਰੋਕ ਲਿਆ ਸੀ, ਜਿਸ ਕਾਰਨ ਪੰਜਾਬ ਦੇ ਵਿਕਾਸ ਨੂੰ ਝਟਕਾ ਲੱਗਾ ਸੀ, ਉਹ ਲੋਕ ਕਿਸਾਨ ਨਹੀਂ ਸਗੋਂ ਕਾਂਗਰਸ ਦੇ ਗੁੰਡੇ ਸਨ, ਜਾਂਚ ਏਜੰਸੀਆਂ ਇਸ ਮਾਮਲੇ ਦੀ ਜਾਂਚ ਕਰ ਰਹੀਆਂ ਹਨ ਅਤੇ ਜਲਦੀ ਹੀ ਸੱਚ ਸਾਹਮਣੇ ਆਵੇਗਾ। ਰਾਣਾ ਸੋਢੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਫਿਰੋਜ਼ਪੁਰ ਨਾਲ ਖਾਸ ਸਨੇਹ ਹੈ ਅਤੇ ਜੇਕਰ ਉਸ ਦਿਨ ਉਨ੍ਹਾਂ ਦਾ ਰਸਤਾ ਨਾ ਰੋਕਿਆ ਜਾਂਦਾ ਤਾਂ ਅੱਜ ਤੱਕ ਪੀ.ਜੀ.ਆਈ. ਬਣ ਚੁੱਕਾ ਹੁੰਦਾ। ਉਨ੍ਹਾਂ ਕਿਹਾ ਕਿ ਮਾਰਚ 2026 ਵਿੱਚ ਪੀ.ਜੀ.ਆਈ. ਸੈਟੇਲਾਈਟ ਸੈਂਟਰ ਦੀ ਓ.ਪੀ.ਡੀ. ਵੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕੁਝ ਨੇਤਾ ਝੂਠੇ ਦਾਅਵੇ ਕਰਕੇ ਲੋਕਾਂ ਨੂੰ ਭਰਮਿਤ ਕਰਦੇ ਹਨ, ਪਰ ਉਹ ਪ੍ਰੋਜੈਕਟਾਂ ਨੂੰ ਕੇਂਦਰ ਸਰਕਾਰ ਤੋਂ ਪਾਸ ਕਰਵਾ ਕੇ ਅਮਲ ਵਿੱਚ ਵੀ ਲਿਆ ਰਹੇ ਹਨ। ਰੇਲ ਰਾਜ ਮੰਤਰੀ ਰਵਨੀਤ ਬਿੱਟੂ ਨੇ ਕਿਹਾ ਕਿ ਇਸ ਵਾਰ ਰੇਲਵੇ ਨੇ ਪੰਜਾਬ ਲਈ ਪੂਰਾ ਪਿਟਾਰਾ ਖੋਲ੍ਹ ਦਿੱਤਾ ਹੈ ਜੋ ਕਿ ਮੋਦੀ ਸਰਕਾਰ ਦੀ ਦੇਣ ਹੈ।

### ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਰਚੁਅਲ ਤੌਰ 'ਤੇ ਕੀਤਾ ਸ਼ੁਭਾਰੰਭ, ਫਿਰੋਜ਼ਪੁਰ ਤੋਂ ਵੰਦੇ ਭਾਰਤ ਵਿਚ ਸਵਾਰ ਹੋਏ ਯਾਤਰੀ

ਆਵਾਜ਼ਿ ਕੌਮ AWAZE QAUM International Newspaper & WEB TV

## ਪੁਆਧ ਦੀ ਪੁਕਾਰ

ਪੁਆਧ ਵਾਲਿਓ!
ਚੇਤਾ ਰੱਖਿਓ
ਪੰਜਾਬ ਯੂਨੀਵਰਸਿਟੀ ਪੁਆਧ ਉਜਾੜ ਕੇ ਬਣੀ,
ਮਾਅਰੀ ਜ਼ਮੀਨ ਤੇ ਬਣੀ ਹੈ!

ਮਾਅਰੇ ਬੁਜ਼ੁਰਗਾਂ ਦੀ ਭੌਂ,
ਮਾਅਰੇ ਪਾਣੀਆਂ ਦੀ ਕਹਾਣੀ ਹੈ।

ਇਹ ਪੁਆਧ ਦੀ ਗੋਦ 'ਚ ਪਲਿਆ,
ਗਿਆਨ ਦਾ ਇਹ ਘਰ
ਇਸ ਹਰਿਆਵਲੇ ਵਿੱਚ
ਮਾਅਰੇ ਲਹੂ ਦੀ ਖੁਸ਼ਬੂ ਹੈ।

ਆਓ, ਵੇਲੇ ਨਾਲ ਮੌਢਾ ਲਾ ਕੇ ਖੜੀਏ,
ਵਿਦਿਆਰਥੀਆਂ ਦੇ ਨਾਲ
ਆਪਣੇ ਹੱਕ, ਆਪਣੀ ਮਾਨਤਾ ਤੇ ਪਹਿਚਾਣ ਲਈ।
ਸਾਡੇ ਬੱਚਿਆਂ ਦੇ ਭਵਿੱਖ ਲਈ,
ਸਾਡੀ ਅਸਲ ਦੀ ਰਖਿਆ ਲਈ।

ਇਹ ਸਿਰਫ਼ ਯੂਨੀਵਰਸਿਟੀ ਨਹੀਂ,
ਇਹ ਮਾਅਰੀਆਂ ਆਉਣ ਵਾਲੀਆਂ
ਪੀੜ੍ਹੀਆਂ ਦਾ ਸੁਪਨਾ ਹੈ।
ਸਾਡੀ ਸੋਚ, ਸਾਡਾ ਅਧਿਕਾਰ,
ਸਾਡੀ ਭੌਂ ਦਾ ਮਾਣ ਹੈ।


ਅਸੀਂ ਪੁਆਧ ਦੇ ਪੁੱਤ ਹਾਂ
ਨਾ ਕਦੇ ਝੁਕਦੇ, ਨਾ ਵਿਕਦੇ, ਨਾ ਡਰਦੇ!
ਸਾਡਾ ਮੌਢਾ ਹਮੇਸ਼ਾਂ ਸੱਚ ਦੇ ਨਾਲ,
ਅਤੇ ਸਾਡੀ ਬੋਲੀ, ਸਾਡੀ ਮਿੱਟੀ ਨਾਲ ਖੜੀ ਹੈ!

ਆਵੋ, ਇਸ ਪੁਕਾਰ ਨੂੰ ਜਗਾਓ
ਤਾਂ ਜੋ ਹਰ ਵਿਦਿਆਰਥੀ ਜਾਣੇ, ਹਰ ਕਿਸਾਨ ਜਾਣੇ,
ਕਿ ਭਾਵੇਂ ਪੰਜਾਬ ਯੂਨੀਵਰਸਿਟੀ ਪੁਆਧ ਉਜਾੜ ਕੇ ਬਣੀ,
ਹਾਂ ਅਸੀਂ ਅੱਜ ਵੀ ਇਸ ਦੇ ਰਖਵਾਲੇ ਹਾਂ
ਸੰਘਰਸ਼ ਦੇ ਰਾਹ ਹਾਂ! ?
ਜਿੱਤ ਸਾਡੀ ਹੈ, ਸਾਡੀ ਹੀ ਹੋਵੇਗੀ।

**-ਸਰਬਜੀਤ ਸਿੰਘ ਬਨੂੜ**

# ਭਾਜਪਾ ਸਰਕਾਰ ਪੰਜਾਬ ਯੂਨੀਵਰਸਿਟੀ ਨੂੰ ਸੰਘ ਦੇ ਕਬਜ਼ੇ ਹੇਠ ਲਿਆਉਣੀ ਚਾਹੁੰਦੀ ਹੈ: ਛੜਬੜ

## ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪੰਜਾਬ ਨਾਲ ਧੱਕੇਸ਼ਾਹੀ — ਜਗਜੀਤ ਸਿੰਘ ਛੜਬੜ




**ਲੰਡਨ, 8 ਨਵੰਬਰ (ਸਰਬਜੀਤ ਸਿੰਘ ਬਨੂੜ)-** ਕੇਂਦਰ ਦੀ ਭਾਜਪਾ ਸਰਕਾਰ ਪੈਰ ਪੈਰ 'ਤੇ ਪੰਜਾਬ ਅਤੇ ਪੰਜਾਬੀਆਂ ਨਾਲ ਧੱਕੇਸ਼ਾਹੀ ਕਰ ਰਹੀ ਹੈ। ਪਹਿਲਾਂ ਇਸ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ਖੋਹਣ ਲਈ ਤਿੰਨ ਕਾਲੇ ਕਾਨੂੰਨ ਲਿਆਂਦੇ, ਪਰ ਪੰਜਾਬ ਦੇ ਕਿਸਾਨਾਂ ਦੇ ਅਡਿੱਠ ਵਿਰੋਧ ਅੱਗੇ ਕੇਂਦਰ ਨੂੰ ਝੁਕਣਾ ਪਿਆ। ਇਹ ਗੱਲ ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੇ ਜਨਰਲ ਸਕੱਤਰ ਜਗਜੀਤ ਸਿੰਘ ਛੜਬੜ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕਹੀ। ਛੜਬੜ ਨੇ ਕਿਹਾ ਕਿ ਕਿਸਾਨਾਂ ਦੇ ਇੱਕਜੁੱਟ ਅੰਦੋਲਨ ਨੇ ਮੋਦੀ ਸਰਕਾਰ ਨੂੰ ਤਿੰਨੋ ਕਾਲੇ ਕਾਨੂੰਨ ਵਾਪਸ ਲੈਣ 'ਤੇ ਮਜਬੂਰ ਕੀਤਾ। ਹੁਣ, ਉਸੀ ਬਦਲੇ ਦੀ ਭਾਵਨਾ ਨਾਲ, ਕੇਂਦਰ ਸਰਕਾਰ ਆਰ.ਐਸ.ਐਸ. ਦੇ ਇਸ਼ਾਰੇ 'ਤੇ ਪੰਜਾਬ ਯੂਨੀਵਰਸਿਟੀ ਦਾ ਸੈਨੇਟ ਭੰਗ ਕਰਕੇ ਇਸ ਮਹੱਤਵਪੂਰਨ ਸੰਸਥਾ ਨੂੰ ਸੰਘ ਦੇ ਕਬਜ਼ੇ ਹੇਠ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਬਸਪਾ ਪਾਰਟੀ ਕਿਸੇ ਵੀ ਕੀਮਤ 'ਤੇ ਕੇਂਦਰ ਦੀ ਇਹ ਮਨਸ਼ਾ ਪੂਰੀ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਪੰਜਾਬ ਦੀ ਹੈ, ਅਤੇ ਪੰਜਾਬ ਦੀ ਹੀ ਰਹੇਗੀ। ਉਨ੍ਹਾਂ ਆਖਿਆ ਕਿ ਸਰਕਾਰ ਵੱਲੋਂ ਸਿੰਡੀਕੇਟ ਅਤੇ ਸੈਨੇਟ ਨਾਲ ਸੰਬੰਧਤ ਨੋਟੀਫ਼ਿਕੇਸ਼ਨ ਰੱਦ ਕਰਨ ਬਾਰੇ ਜਾਰੀ ਪੱਤਰ ਸਿਰਫ਼ ਪੰਜਾਬ ਦੇ ਲੋਕਾਂ ਨੂੰ ਭਰਮਿਤ ਕਰਨ ਅਤੇ ਉਨ੍ਹਾਂ ਦੇ ਮਨਾਂ ਵਿੱਚ ਗਲਤਫਹਮੀਆਂ ਪੈਦਾ ਕਰਨ ਦੀ ਕੋਸ਼ਿਸ਼ ਹੈ। ਛੜਬੜ ਨੇ ਭਾਰਤ ਸਰਕਾਰ ਨੂੰ ਸਿੱਧੀ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਆਪਣਾ ਸਟੈਂਡ ਸਪਸ਼ਟ ਕਰੇ ਅਤੇ ਇਹ ਨੋਟੀਫ਼ਿਕੇਸ਼ਨ ਤੁਰੰਤ ਮੁੱਢੋਂ ਰੱਦ ਕਰੇ। ਪੰਜਾਬ ਦੇ ਲੋਕ ਕਿਸੇ ਵੀ ਗ਼ੈਰ-ਜਮਹੂਰੀ ਹਲਚਲ ਨੂੰ ਕਦੇ ਬਰਦਾਸ਼ਤ ਨਹੀਂ ਕਰਨਗੇ ਉਨ੍ਹਾਂ ਅੰਤ 'ਚ ਕਿਹਾ ਕਿ ਪੰਜਾਬ ਯੂਨੀਵਰਸਿਟੀ ਨਾ ਕੇਵਲ ਇੱਕ ਸਿੱਖਿਆ ਸੰਸਥਾ ਹੈ, ਸਗੋਂ ਪੰਜਾਬੀ ਅਸਤੀਤਵ, ਸੱਭਿਆਚਾਰ ਤੇ ਖ਼ੁਦਮੁਖ਼ਤਿਆਰੀ ਦੀ ਪ੍ਰਤੀਕ ਹੈ ਜਿਸ 'ਤੇ ਕਿਸੇ ਵੀ ਸੰਘੀ ਤਾਕਤ ਨੂੰ ਕਾਬਜ਼ ਨਹੀਂ ਹੋਣ ਦਿੱਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਸੰਗੀਤ ਗੱਤਕਾ ਜੱਬੋਵਾਲ ਦੇ ਵਿਦਿਆਰਥੀਆਂ ਨੇ

# ਲਾਈਨਜ਼ ਐਸ ਐਸ ਕੇ ਬੋਕਸਿੰਗ ਕਲੱਬ ਤਰਨ ਤਾਰਨ ਭਾਗ ਲਿਆ




**ਚੌਕ ਮਹਿਤਾ, 8 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਸੰਗੀਤ ਅਤੇ ਗੱਤਕਾ ਜੱਬੋਵਾਲ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਮਲਕੀਅਤ ਸਿੰਘ ਖਾਲਸਾ ਦੀ ਅਗਵਾਈ ਹੇਠ ਚੱਲ ਰਹੀ ਅਕੈਡਮੀ ਦੇ ਵਿਦਿਆਰਥੀਆਂ ਨੇ ਲਾਈਨਜ ਐਸ ਐਸ ਕੇ ਬੋਕਸਿੰਗ ਕਲੱਬ ਤਰਨ ਤਾਰਨ ਬੋਕਸਿੰਗ ਐਟਰ ਕਲੱਬ ਇੰਨ ਪਾਰਟੀਸੀਮੇਟ ਵਿਚ ਭਾਗ ਲਿਆ ਚੈਂਪੀਅਨਸ਼ਿਪ ਵਿਚ ਰਾਜਦੀਪ ਸਿੰਘ, ਰਣਯੋਧ ਸਿੰਘ, ਗੁਰਸ਼ਰਨ ਪ੍ਰੀਤ ਸਿੰਘ, ਗੁਰਜੋਤ ਸਿੰਘ, ਅਤੇ ਉਂਕਾਰ ਸਿੰਘ ਨੇ ਗੋਲਡ ਮੈਡਲ ਜਿੱਤਕੇ ਪਹਿਲਾਂ ਸਥਾਨ ਪ੍ਰਾਪਤ ਕੀਤਾ ।ਅਭੀਜੋਤ ਸਿੰਘ ਨੇ ਸਿਲਵਰ ਮੈਡਲ ਜਿੱਤਕੇ ਦੂਜਾ ਸਥਾਨ ਅਤੇ ਸੁਖਪ੍ਰੀਤ ਸਿੰਘ ਨੇ ਬਰੋਨ ਮੈਡਲ ਕਾਂਸ਼ੀ ਮੈਡਲ ਜਿੱਤੇ ਕੇ ਤੀਜਾ ਸਥਾਨ ਪ੍ਰਾਪਤ ਕਰਕੇ ਵਿਦਿਆਰਥੀਆਂ ਨੇ ਖਾਲਸਾ ਅਕੈਡਮੀ ਜੱਬੋਵਾਲ ਦਾ ਨਾਮ ਰੋਸ਼ਨ ਕੀਤਾ । ਇਸ ਮੌਕੇ ਤੇ ਸੰਤ ਬਾਬਾ ਮਲਕੀਅਤ ਸਿੰਘ ਖਾਲਸਾ ਨੇ ਸਨਮਾਨਿਤ ਕੀਤਾ। ਅਤੇ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਚੜ੍ਹਦੀ ਕਲਾ ਦੀ ਅਰਦਾਸ ਬੇਨਤੀ ਕੀਤੀ ਅਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਇਨ੍ਹਾਂ ਵਿਦਿਆਰਥੀਆਂ ਨੇ ਆਪਣੇ ਮਾਤਾ ਪਿਤਾ ਅਤੇ ਖਾਲਸਾ ਅਕੈਡਮੀ ਜੱਬੋਵਾਲ ਦਾ ਨਾਮ ਰੋਸ਼ਨ ਕੀਤਾ ।ਥੋੜਾ ਸਮਾਂ ਪਹਿਲਾਂ ਇਸ ਅਕੈਡਮੀ ਦੇ ਵਿਦਿਆਰਥੀਆਂ ਨੇ ਬੋਕਸਿੰਗ ਵਿਚ ਨੈਸ਼ਨਲ ਅਤੇ ਸਟੇਟ ਲੈਵਲ ਤੇ ਖੇਡ ਕੇ ਵੱਡੀਆਂ ਮੱਲਾਂ ਮਾਰੀਆਂ ਸਨ। ਸੰਤ ਬਾਬਾ ਮਲਕੀਅਤ ਸਿੰਘ ਖਾਲਸਾ ਦੀ ਅਗਵਾਈ ਹੇਠ ਅਨੇਕਾਂ ਸ਼ਹੀਦ ਅਤੇ ਲੋੜਵੰਦ ਬੱਚੇ ਬੱਚੀਆਂ ਨੂੰ ਪੜਾਈ ਅਤੇ ਗੁਰਬਾਣੀ ਦੀ ਸ਼ੁੱਧ ਸੰਥਿਆ, ਕੀਰਤਨ, ਗੱਤਕਾ,ਕਥਾ, ਖੇਡਾਂ ਵੱਲ ਵੀ ਪ੍ਰੇਰਿਤ ਕੀਤਾ ਜਾਂਦਾ ਹੈ। ਅਤੇ ਬਹੁਤ ਸਾਰੇ ਧਾਰਮਿਕ ਸਮਾਗਮ ਵੀ ਅਕੈਡਮੀ ਵਿੱਚ ਕਰਵਾਏ ਜਾਂਦੇ ਹਨ। ਅਕੈਡਮੀ ਦੇ ਸਾਰੇ ਵਿਦਿਆਰਥੀ ਬਾਣੀ ਬਾਣੇ ਦੇ ਧਾਰਨੀ ਹਨ। ਅਨੇਕਾਂ ਲੋੜਵੰਦ ਅਤੇ ਸ਼ਹੀਦਾਂ ਸਿੰਘਾਂ ਦੇ ਬੱਚੇ ਬੱਚੀਆਂ ਦੇ ਗੁਰਮਾਯਾਦਾ ਨਾਲ ਆਨੰਦ ਕਾਰਜ ਕੀਤੇ ਜਾਂਦੇ ਹਨ। ਸੰਤ ਬਾਬਾ ਮਲਕੀਅਤ ਸਿੰਘ ਖਾਲਸਾ ਜਿੱਥੇ ਸਮਾਜ ਦੇ ਭਲੇ ਲਈ ਕੰਮ ਕਰਦੇ ਰਹਿੰਦੇ ਹਨ ਉਥੇ ਉਹ ਆਪਣੇ ਹੱਥਾਂ ਨਾਲ ਕਿਰਤ ਵੀ ਕਰਦੇ ਹਨ। ਇਸ ਮੌਕੇ ਤੇ ਸ੍ਰੀ ਮਾਨ ਸੰਤ ਬਾਬਾ ਮਲਕੀਅਤ ਸਿੰਘ ਖਾਲਸਾ ਤੋਂ ਇਲਾਵਾ ਗਿਆਨੀ ਤੇਜਬੀਰ ਸਿੰਘ ਕਨੈਡਾ, ਪ੍ਰਿੰਸੀਪਲ ਸੁਰਿੰਦਰਜੀਤ ਸਿੰਘ, ਸੁਪਰਡੈਂਟ ਗੁਰਪਿੰਦਰ ਸਿੰਘ,ਬੋਕਸਿੰਗ ਕੋਚ ਕਰਨਜੀਤ ਸਿੰਘ, ਸਮੂਹ ਅਧਿਆਪਕ ਸਾਹਿਬਾਨ ਅਤੇ ਭਾਈ ਸੁਖਚੈਨ ਸਿੰਘ, ਭਾਈ ਬੂਟਾ ਸਿੰਘ, ਭਾਈ ਅਰਜਨ ਸਿੰਘ ਆਦਿ ਸੇਵਾਦਾਰ ਹਾਜਰ ਸਨ।

## ਸੁਖਦੇਵ ਸਿੰਘ ਕਾਦੀਆਂ ’ਤੇ ਜਾਨਲੇਵਾ ਹਮਲੇ ਦੇ ਸਬੰਧ ਵਿੱਚ

# ਅਕਾਲੀ ਦਲ ( ਵਾਰਿਸ ਪੰਜਾਬ ਦੇ ) ਦਾ ਵਫ਼ਦ ਮਿਲਿਆ ਅੰਮ੍ਰਿਤਸਰ ਪੁਲਿਸ ਕਮਿਸ਼ਨਰ ਨੂੰ



**ਅੰਮ੍ਰਿਤਸਰ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਭਾਈ ਸੁਖਦੇਵ ਸਿੰਘ ਕਾਦੀਆਂ ‘ਤੇ ਕੀਤੇ ਗਏ ਜਾਨਲੇਵਾ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ ਅਤੇ ਇਸ ਸਾਰੇ ਮਾਮਲੇ ਦੀ ਤੁਰੰਤ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਗਈ ਹੈ ।ਜਾਣਕਾਰੀ ਅਨੁਸਾਰ, 6 ਤਰੀਕ ਦੀ ਰਾਤ ਭਾਈ ਸੁਖਦੇਵ ਸਿੰਘ ਕਾਦੀਆਂ ਜਦੋਂ ਤਰਨਤਾਰਨ ਚੋਣ ਪ੍ਰਚਾਰ ਤੋਂ ਵਿਹਲੇ ਹੋ ਕੇ ਗੁਰਦਾਸਪੁਰ ਘਰ ਵੱਲ ਜਾ ਰਹੇ ਸਨ, ਉਦੋਂ ਅੰਮ੍ਰਿਤਸਰ ਦੇ ਵੇਰਕਾ ਚੌਂਕ ਨੇੜੇ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਦੀ ਕਾਰ ਰੋਕ ਕੇ ਹਮਲਾ ਕੀਤਾ, ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਅਤੇ ਉਨ੍ਹਾਂ ਦੀ ਕਾਰ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਈ ਅਤੇ ਭਾਈ ਕਾਦੀਆਂ ਇਸ ਸਮੇਂ ਲੁਧਿਆਣਾ DMC ਹਸਪਤਾਲ ਵਿੱਚ ਜੇਰੇ ਇਲਾਜ ਹਨ। ਇਸ ਘਟਨਾਂ ਦੇ ਮੱਦੇਨਜ਼ਰ ਅੱਜ ਅਕਾਲੀ ਦਲ ਵਾਰਿਸ ਪੰਜਾਬ ਦੇ ਦਾ ਇਕ ਵਫਦ ਅੰਮ੍ਰਿਤਸਰ ਪੁਲਿਸ ਕਮਿਸ਼ਨਰ ਦਫ਼ਤਰ ਪਹੁੰਚਿਆ, ਜਿਥੇ ਡੀਸੀਪੀ ਇਨਵੈਸਟੀਗੇਸ਼ਨ ਸ੍ਰ ਰਵਿੰਦਰਪਾਲ ਸਿੰਘ ਸੰਧੂ ਨੂੰ ਮਿਲਿਆ। ਵਫ਼ਦ ਵੱਲੋਂ ਸਾਰੀ ਘਟਨਾ ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਅਤੇ ਮੰਗ ਕੀਤੀ ਗਈ ਕਿ ਹਮਲੇ ਦੇ ਜ਼ਿੰਮੇਵਾਰਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਮੀਟਿੰਗ ਦੌਰਾਨ ਡੀ ਸੀ ਪੀ ਸ੍ਰ ਰਵਿੰਦਰਪਾਲ ਸਿੰਘ ਸੰਧੂ ਵੱਲੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਚਾਚਾ ਸੁਖਚੈਨ ਸਿੰਘ ਜੀ ਨਾਲ ਅੰਮ੍ਰਿਤਸਰ ਪੁਲਿਸ ਕਮਿਸ਼ਨਰ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਦੀ ਫੋਨ ਰਾਹੀਂ ਗੱਲਬਾਤ ਕਰਵਾਈ ਗਈ, ਜਿਸ ਉਪਰੰਤ ਉਹਨਾਂ ਵੱਲੋਂ ਤੁਰੰਤ ਪ੍ਰਭਾਵ ਨਾਲ ਖਾਸ ਜਾਂਚ ਟੀਮ (SIT) ਬਣਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ ਅਤੇ ਵਿਸ਼ਵਾਸ ਦਵਾਇਆ ਕਿ ਇਸਦੀ ਉੱਚ ਪੱਧਰੀ ਜਾਂਚ ਕਰਕੇ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਵਫਦ ਵਿੱਚ ਚਾਚਾ ਸੁਖਚੈਨ ਸਿੰਘ ਤੋਂ ਇਲਾਵਾ ਚਾਚਾ ਪ੍ਰਗਟ ਸਿੰਘ, ਭਾਈ ਪ੍ਰਿਥੀਪਾਲ ਸਿੰਘ, ਐਡਵੋਕੇਟ ਕਰਮਵੀਰ ਸਿੰਘ, ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਜਗਨੰਦਨ ਸਿੰਘ, ਚਾਚਾ ਕੁਲਵੰਤ ਸਿੰਘ, ਭਾਈ ਦਇਆ ਸਿੰਘ, ਭਾਈ ਗੁਰਪ੍ਰੀਤ ਸਿੰਘ ਬੱਲੋ, ਭਾਈ ਗੁਰਤੇਜ ਸਿੰਘ, ਐਡਵੋਕੇਟ ਗੁਰਵਿੰਦਰ ਸਿੰਘ, ਭਾਈ ਚਮਕੌਰ ਸਿੰਘ ਬਰਾੜ ਅਤੇ ਮੌਜੂਦ ਸਨ। ਸਾਰੇ ਵਫ਼ਦ ਵੱਲੋਂ ਪੁਲਿਸ ਕਮਿਸ਼ਨਰ ਦਾ ਧੰਨਵਾਦ ਕੀਤਾ ਗਿਆ।

**ਅਕਾਲੀ ਦਲ ਵਾਰਿਸ ਦੇ ਵਫਦ ਨੇ ਮੰਗ ਕੀਤੀ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਦਿੱਤੀ ਜਾਵੇ ਸਖ਼ਤ ਸਜ਼ਾ**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਬਾਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਸਿੱਖ ਪੰਥ ਨਾਲ ਕੀਤਾ ਧੋਖਾ, ਹੁਣ ਪੰਜਾਬ ਦੇ ਲੋਕ ਨਹੀਂ ਆਉਣਗੇ ਧੋਖੇ ਵਿੱਚ : ਬਾਪੂ ਤਰਸੇਮ ਸਿੰਘ

# ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਈ, ਸਿੱਖਾਂ ‘ਤੇ ਹਮਲੇ ਕਰਵਾਏ ਅਤੇ ਪੰਥਕ ਨੌਜਵਾਨਾਂ ਨੂੰ ਜੇਲਾਂ ਵਿੱਚ ਸੜਾਇਆ, ਉਹਨਾਂ ਨੂੰ ਹੁਣ ਸਿੱਖ ਕੌਮ ਕਦੇ ਮਾਫ਼ ਨਹੀਂ ਕਰੇਗੀ

**ਤਰਨਤਾਰਨ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਵਲੋਂ ਜਾਰੀ ਪ੍ਰੈਸ ਨੋਟ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਨੇ ਕਿਹਾ ਕਿ ਪੰਜਾਬ ਦਾ ਹਰ ਸੱਚਾ ਸਿੱਖ ਹੁਣ ਬਾਖੂਬੀ ਜਾਣਦਾ ਹੈ ਕਿ ਬਾਦਲ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਕਿਸ ਤਰ੍ਹਾਂ ਵਾਰ ਵਾਰ ਪੰਥ ਨਾਲ ਧੋਖੇ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹ ਤਿੰਨੋਂ ਹੀ ਪਾਰਟੀਆਂ ਸਿੱਖ ਜਜ਼ਬੇ, ਸਿੱਖ ਸ਼ਰਧਾ ਅਤੇ ਸਿੱਖ ਅਸਥਾਵਾਂ ਦੀਆਂ ਸਭ ਤੋਂ ਵੱਡੀਆਂ ਵੈਰੀ ਸਾਬਤ ਹੋਈਆਂ ਹਨ। ਬਾਪੂ ਤਰਸੇਮ ਸਿੰਘ ਨੇ ਤਿੱਖੇ ਸ਼ਬਦਾਂ ‘ਚ ਕਿਹਾ ਕਿ ਬਾਦਲ ਪਰਿਵਾਰ, ਜਿਸਨੇ ਆਪਣੇਂ ਆਪ ਨੂੰ ਹਮੇਸ਼ਾਂ “ਪੰਥਕ ਆਗੂ” ਕਹਿਣ ਦੀ ਕੋਸ਼ਿਸ਼ ਕੀਤੀ, ਉਹੀ ਆਪਣੇ ਰਾਜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਕਾਰਨ ਬਣੇ। ਉਨ੍ਹਾਂ ਕਿਹਾ ਕਿ ਜਦ ਪੰਥ ਜ਼ਖ਼ਮੀ ਸੀ, ਤਦ ਉਹਨਾਂ ਨੇ ਸੌਦਾ ਸਾਧ ਵਰਗੇ ਗੁਰਨਿੰਦਾ ਕਰਨ ਵਾਲੇ ਨੂੰ ਮਾਫ਼ੀ ਦੇ ਕੇ ਗੁਰੂ ਦੀ ਬੇਅਦਬੀ ‘ਤੇ ਰਾਜਨੀਤੀ ਕੀਤੀ। ਇਹ ਪੰਥ ਦੇ ਇਤਿਹਾਸ ਵਿੱਚ ਕਾਲਾ ਪੰਨਾ ਸੀ, ਜਿਸ ਨੂੰ ਸਿੱਖ ਕੌਮ ਕਦੇ ਭੁੱਲ ਨਹੀਂ ਸਕਦੀ ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ 1984 ਵਿੱਚ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਕੇ ਗੁਰੂ ਘਰ ਨੂੰ ਤੋਪਾਂ ਨਾਲ ਢਾਹ ਦਿੱਤਾ, ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਤੋੜੇ ਗਏ, ਤੇ ਸਿੱਖਾਂ ਦੇ ਮਨ ‘ਚ ਘਾਉ ਭਰੇ ਗਏ। ਇਸ ਤੋਂ ਬਾਅਦ ਦਿੱਲੀ ‘ਚ ਸਿੱਖ ਨਸਲਕੁਸ਼ੀ ਕਰਕੇ ਹਜ਼ਾਰਾਂ ਸਿੱਖਾਂ ਨੂੰ ਜੀਉਂਦੇ ਸਾੜਿਆ ਗਿਆ, ਜਿਸ ਦੀ ਚੋਟ ਅੱਜ ਵੀ ਪੰਥ ਦੇ ਦਿਲ ‘ਚ ਤਾਜ਼ਾ ਹੈ। ਪਰ ਕਾਂਗਰਸ ਨੇ ਕਦੇ ਪਛਤਾਵਾ ਨਹੀਂ ਕੀਤਾ, ਬਲਕਿ ਉਹਨਾਂ ਕਾਤਲਾਂ ਨੂੰ ਆਪਣੇ ਆਗੂ ਬਣਾਕੇ ਵੋਟਾਂ ਮੰਗਦੀ ਰਹੀ। ਬਾਪੂ ਜੀ ਨੇ ਕਿਹਾ ਕਿ ਅੱਜ ਦੀ ਆਮ ਆਦਮੀ ਪਾਰਟੀ ਵੀ ਉਹੀ ਰਸਤਾ ਅਪਣਾਂ ਚੁੱਕੀ ਹੈ। ਜਿਹੜੇ ਨੌਜਵਾਨ ਗੁਰਬਾਣੀ ਅਨੁਸਾਰ ਜੀਣ, ਨਸ਼ਾ ਮੁਕਤ ਪੰਜਾਬ ਤੇ ਪੰਥਕ ਏਕਤਾ ਦੀ ਗੱਲ ਕਰਦੇ ਸਨ, ਉਹਨਾਂ ਨੂੰ ਅੱਤਵਾਦੀ ਦੱਸ ਕੇ ਬੰਦੀ ਬਣਾ ਦਿੱਤਾ ਗਿਆ। ਇਹ ਆਮ ਆਦਮੀ ਪਾਰਟੀ ਦੀ ਦੂਹਰੀ ਸੋਚ ਤੇ ਤਾਨਾਸ਼ਾਹੀ ਦਾ ਸਭ ਤੋਂ ਵੱਡਾ ਸਬੂਤ ਹੈ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੀ ਸੰਗਤ, ਕਿਸਾਨ ਤੇ ਨੌਜਵਾਨ ਸਭ ਇਕ ਆਵਾਜ਼ ਵਿੱਚ ਕਹਿ ਰਹੇ ਹਨ ਕਿ ਹੁਣ ਧੋਖੇਬਾਜ਼ ਰਾਜਨੀਤੀ ਨਹੀਂ ਚੱਲੇਗੀ। ਲੋਕ ਹੁਣ ਸਾਂਝੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਖਾਲਸਾ ਦੇ ਹੱਕ ਵਿੱਚ ਇਕੱਠੇ ਹੋ ਰਹੇ ਹਨ ਕਿਉਂਕਿ ਉਹ ਪੰਥਕ ਸਿਧਾਂਤਾਂ ਤੇ ਗੁਰੂ ਦੀ ਬਾਣੀ ਦੇ ਅਸੂਲਾਂ ਤੇ ਟਿਕੀ ਹੋਈ ਰਾਜਨੀਤੀ ਦਾ ਪ੍ਰਤੀਕ ਹਨ।




# 69ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤਹਿਤ ਕੁੜੀਆਂ ਦੇ ਬੇਸਬਾਲ ਅੰਡਰ 19 ਮੁਕਬਲਿਆਂ ਦਾ ਆਰੰਭ

## ਲੁਧਿਆਣਾ ਨੇ ਮਾਲੇਰਕੋਟਲਾ ਤੇ ਜਲੰਧਰ ਨੇ ਮਾਨਸਾ ਨੂੰ ਹਰਾਇਆ

**ਬਰਨਾਲਾ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਸੁਨੀਤਇੰਦਰ ਸਿੰਘ ਗਿੱਲ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਡਾ. ਬਰਜਿੰਦਰਪਾਲ ਸਿੰਘ ਦੀ ਅਗਵਾਈ ਹੇਠ 69ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤਹਿਤ ਬੇਸਬਾਲ ਅੰਡਰ 19 ਸਾਲ (ਲੜਕੀਆਂ) ਦੇ ਮੁਕਾਬਲੇ ਬਾਬਾ ਕਾਲਾ ਮਹਿਰ ਸਟੇਡੀਅਮ ਵਿੱਚ ਸ਼ੁਰੂ ਹੋ ਗਏ ਹਨ। ਇਹਨਾਂ ਖੇਡਾਂ ਦਾ ਉਦਘਾਟਨ ਕਰਨ ਲਈ ਡੀ.ਐਮ. ਸਪੋਰਟਸ ਬਰਨਾਲਾ ਸਿਮਰਦੀਪ ਸਿੰਘ ਸਿੱਧੂ ਨੇ ਵਿਸ਼ੇਸ਼ ਤੌਰ ‘ਤੇ ਸ਼ਿਰਕਤ ਕੀਤੀ। ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਹਨਾਂ ਨੇ ਖਿਡਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਆ ਅਤੇ ਖੇਡ ਮੁਕਾਬਲੇ ਲਈ ਸ਼ੁਭਕਾਮਨਾਵਾਂ ਦਿੱਤੀਆਂ।ਉਨ੍ਹਾਂ ਦੱਸਿਆ ਇਨ੍ਹਾਂ ਮੈਚਾਂ ਵਿੱਚੋਂ ਲੁਧਿਆਣਾ ਨੇ ਮਾਲੇਰਕੋਟਲਾ, ਜਲੰਧਰ ਨੇ ਮਾਨਸਾ ਅਤੇ ਸੰਗਰੂਰ ਨੇ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਨੂੰ ਹਰਾਇਆ। ਇਸ ਮੌਕੇ ਪ੍ਰਿੰਸੀਪਲ ਰਾਜ਼ੇਸ਼ ਕੁਮਾਰ, ਬਲਜਿੰਦਰ ਸਿੰਘ, ਮਲਕੀਤ ਸਿੰਘ, ਸਤਵੀਰ ਸਿੰਘ, ਦਿਨੇਸ਼ ਕੁਮਾਰ, ਲਵਲੀਨ ਸਿੰਘ, ਰਜਿੰਦਰ ਸਿੰਘ, ਅਵਤਾਰ ਸਿੰਘ, ਸੁਰਜੀਤ ਕੌਰ, ਰੁਪਿੰਦਰ ਕੌਰ, ਪਰਮਜੀਤ ਕੌਰ, ਰਾਜਵਿੰਦਰ ਕੌਰ, ਲਖਵੀਰ ਸਿੰਘ, ਸੁਖਰਾਜ ਕੌਰ, ਗੁਰਸਿਮਰਤ ਕੌਰ, ਰਮਨਦੀਪ ਸਿੰਘ, ਮਨਜਿੰਦਰ ਸਿੰਘ, ਸੰਸਾਰ ਸਿੰਘ, ਅਰਚਨਾ, ਰਮਜ਼ਾਨ ਖਾਨ, ਭੁਪਿੰਦਰ ਸਿੰਘ, ਅਮਨਦੀਪ ਕੌਰ, ਰਵਿੰਦਰ ਕੌਰ, ਗੁਰਲਾਲ ਸਿੰਘ ਸਮੇਤ ਵੱਖ-ਵੱਖ ਜ਼ਿਲ੍ਹਿਆਂ ਦੇ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ ਅਤੇ ਖਿਡਾਰੀ ਮੌਜੂਦ ਸਨ।

# ਬੰਦੇ ਭਾਰਤ ਟ੍ਰੇਨ ਦਾ ਬਰਨਾਲਾ ਸਟੇਸ਼ਨ ਤੇ ਨਾ ਰੁਕਣਾ ਮੰਦਭਾਗਾ ਭਾਜਪਾ ਵੱਲੋਂ ਇਸ ਕਾਰਜ ਨੂੰ ਨੇਪਰੇ ਚਾੜਨ ਲਈ ਪੂਰੇ ਯਤਨ ਕੀਤੇ ਜਾਣਗੇ: ਕੈਪਟਨ ਸਿੱਧੂ

ਬਰਨਾਲਾ, 8 ਨਵੰਬਰ (ਆਵਾਜ਼ਿ ਕੌਮ ਬਿਊਰੋ)-ਅੱਜ ਕੇਂਦਰੀ ਰੇਲਵੇ ਮੰਤਰੀ ਵੱਲੋਂ ਫਿਰੋਜਪੁਰ ਤੋਂ ਦਿੱਲੀ ਬੰਦੇ ਭਾਰਤ ਗੱਡੀ ਨੂੰ ਪਹਿਲੀ ਵਾਰ ਰਵਾਨਾ ਕੀਤਾ ਗਿਆ ਅਤੇ ਜਦ ਇਹ ਬਰਨਾਲਾ ਰੇਲਵੇ ਸਟੇਸ਼ਨ ਤੋ ਬਿਨਾ ਰੁਕੇ ਦਿੱਲੀ ਵੱਲ ਨੂੰ ਚਲੀ ਗਈ ਤਾਂ ਸਮੂਹ ਬਰਨਾਲਾ ਜਿਲ੍ਹਾ ਦੇ ਨਿਵਾਸੀਆਂ ਨੂੰ ਬਹੁਤ ਬੁਰਾ ਲੱਗਾ ਕੁੱਝ ਲੋਕਲ ਨੇਤਾਵਾਂ ਵੱਲੋ ਭਾਵੇਂ ਬਹੁਤ ਦਾਅਵੇ ਕੀਤੇ ਗਏ ਕਿ ਇਹ ਗੱਡੀ ਬਰਨਾਲਾ ਰੁਕੇਗੀ ਪ੍ਰੰਤੂ ਉਹਨਾਂ ਦਾਅਵਿਆਂ ਨੂੰ ਅੱਜ ਬੂਰ ਨਹੀਂ ਪਿਆ ਇਹ ਵਿਚਾਰ ਭਾਜਪਾ ਹਲਕਾ ਇੰਚਾਰਜ ਭਦੌੜ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਪ੍ਰੈਸ ਨੋਟ ਜਾਰੀ ਕਰਦਿਆ ਪ੍ਰਗਟ ਕੀਤੇ ਉਹਨਾਂ ਕਿਹਾ ਕਿ ਅਸੀਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨਾਲ ਬਰਨਾਲਾ ਨਿਵਾਸੀਆਂ ਦੀ ਇਹ ਮੰਗ ਪੁਰਜੋਰ ਢੰਗ ਨਾਲ ਉਠਾਵਾਂਗੇ ਕੇ ਜਿਲ੍ਹਾ ਬਰਨਾਲਾ ਅੰਦਰ ਘਟੋ ਘੱਟ ਇੱਕ ਸਟੇਸ਼ਨ ਤੇ ਇਹ ਗੱਡੀ ਰੁਕਣੀ ਚਾਹੀਦੀ ਹੈ ।ਕਿਉਕਿ ਬਰਨਾਲਾ ਸ਼ਹਿਰ ਭੀ ਇਕ ਵੱਡੀ ਮੰਡੀ ਹੈ। ਅਤੇ ਹਰ ਰੋਜ ਸੈਕੜੇ ਵਪਾਰੀ ਦਿੱਲੀ ਬਿਜ਼ਨਸ ਦੇ ਕਾਰੋਬਾਰ ਲਈ ਦਿੱਲੀ ਜਾਂਦੇ ਹਨ ।ਪਹਿਲਾ ਪੂਰੇ ਚੈਨਲਾਂ ਰਾਹੀਂ ਕੋਸਿਸ ਕਰਾਗੇ ਸੂਬਾ ਪ੍ਰਧਾਨ ਅਤੇ ਸੂਬਾ ਕਾਰਜ ਕਾਰੀ ਪ੍ਰਧਾਨ ਅਤੇ ਸੂਬਾ ਪ੍ਰਭਾਰੀ ਰਾਹੀਂ ਕੇਂਦਰ ਸਰਕਾਰ ਤੋ ਪੁਰਜੋਰ ਮੰਗ ਕਰਾਗੇ ਜੇਕਰ ਫਿਰ ਭੀ ਸੁਣਵਾਈ ਨਾ ਹੋਈ ਤਾਂ ਜਬਰੀ ਇਹ ਟਰੇਨ ਬੰਦੇ ਭਾਰਤ ਬਰਨਾਲਾ ਰੇਲਵੇ ਸਟੇਸ਼ਨ ਤੇ ਰੋਕਾਗੇ ਭਾਵੇਂ ਇਸ ਕਾਜ ਲਈ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਨੂੰ ਨਾਲ ਲੈਕੇ ਅਤੇ ਬਰਨਾਲਾ ਨਿਵਾਸੀਆਂ ਨੂੰ ਨਾਲ ਲੈਕੇ ਕਿਉ ਨਾ ਰੋਕਣੀ ਪਵੇ ਇਸ ਮੌਕੇ ਸੀਨੀਅਰ ਭਾਜਪਾ ਆਗੂ ਗੁਰਦਰਸ਼ਨ ਸਿੰਘ ਬਰਾੜ ਸਰਪੰਚ ਅਤੇ ਭਾਜਪਾ ਯੂਥ ਆਗੂ ਸੁਖਦੀਪ ਸਿੰਘ ਧਾਲੀਵਾਲ ਹਾਜਰ ਸਨ।

# ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਦੀ ਅਗਵਾਈ 'ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਪੰਜਾਬ 'ਚ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਸੇਵਾ ਜਾਰੀ









ਆਵਾਜ਼ਿ ਕੌਮ AWAZE QAUM International Newspaper & WEB TV

ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਦੀ ਅਗਵਾਈ 'ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਪੰਜਾਬ 'ਚ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਖਾਦ; ਬੀਜ , ਤੇਲ ਅਤੇ ਕਣਕ ਦੀ ਬਿਜਾਈ ਪਿੰਡ ਦੂਜੋਵਾਲ, ਬਾਜਵਾ ਅਤੇ ਧੁਰੀਆਂ ਹਲਕਾ ਅਜਨਾਲਾ ਜਿਲਾ ਅੰਮ੍ਰਿਤਸਰ ਵਿਖੇ ਕੀਤੀ ਜਾ ਰਹੀ ਹੈ।

## ਇੰਡਿਅਨ ਵਰਕਰਜ਼ ਐਸੋਸੀਏਸ਼ਨ ਨੇ RMT ਦਾ ਸਮਰਥਨ ਕੀਤਾ ਅਤੇ

# ਇਨਸਾਫ਼ਪੂਰਨ ਤੇ ਇਨਸਾਨੀ ਇਮੀਗ੍ਰੇਸ਼ਨ ਨੀਤੀ ਦੀ ਮੰਗ ਕੀਤੀ

**ਲੇਸਟਰ, 6 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਅੱਜ RMT ਯੂਨੀਅਨ ਅਤੇ ਹੁਨਰਮੰਦ ਪਰਵਾਸੀ ਮਜ਼ਦੂਰਾਂ ਨਾਲ ਪੂਰੀ ਏਕਤਾ ਜਤਾਈ ਜਿਨ੍ਹਾਂ ਨੇ 10 ਡਾਊਨਿੰਗ ਸਟਰੀਟ ਤੱਕ ਮਾਰਚ ਕੀਤਾ, ਤਾਂ ਜੋ ਸਰਕਾਰ ਦੇ Skilled Worker Visa ਵਿੱਚ ਕੀਤੇ ਗਏ ਤਬਦੀਲੀਆਂ ਦਾ ਵਿਰੋਧ ਕੀਤਾ ਜਾ ਸਕੇ — ਉਹ ਤਬਦੀਲੀਆਂ ਜੋ ਹਜ਼ਾਰਾਂ ਮਜ਼ਦੂਰਾਂ ਲਈ ਡਿਪੋਰਟੇਸ਼ਨ ਦਾ ਖਤਰਾ ਬਣ ਗਈਆਂ ਹਨ।



1938 ਵਿੱਚ ਸਥਾਪਿਤ ਅਤੇ ਲੇਸਟਰ ਵਿੱਚ ਆਧਾਰਤ, IWA (72) ਬ੍ਰਿਟੇਨ ਦੀ ਸਭ ਤੋਂ ਪੁਰਾਣੀ ਅਤੇ ਸਰਗਰਮ ਕਮੇਨਿਟੀ ਸੰਸਥਾਵਾਂ ਵਿੱਚੋਂ ਇੱਕ ਹੈ, ਜੋ ਭਾਰਤੀ ਤੇ ਦੱਖਣੀ ਏਸ਼ੀਆਈ ਵਰਕਰਾਂ ਅਤੇ ਵਰਕਿੰਗ ਕਲਾਸ ਸਮੂਹਾਂ ਦੀ ਨੁਮਾਇੰਦਗੀ ਕਰਦੀ ਹੈ। ਐਸੋਸੀਏਸ਼ਨ ਨੇ ਸਰਕਾਰ ਦੀਆਂ ਨੀਤੀਆਂ ਨੂੰ "ਇਮਾਨਦਾਰ ਮਜ਼ਦੂਰਾਂ ਨੂੰ ਸਜ਼ਾ ਤੇ ਸ਼ੋਸ਼ਣਕਾਰਾਂ ਨੂੰ ਬਚਾਉਣ ਵਾਲੀਆਂ" ਕਰਾਰ ਦਿੱਤਾ ਅਤੇ ਕਿਹਾ ਕਿ ਮੌਜੂਦਾ ਇਮੀਗ੍ਰੇਸ਼ਨ ਪ੍ਰਣਾਲੀ ਨੇ ਦੇਸ਼ ਭਰ ਵਿੱਚ ਡਰ ਤੇ ਵੰਡ ਪੈਦਾ ਕੀਤੀ ਹੈ।

**RMT ਦੇ ਜਨਰਲ ਸਕੱਤਰ ਮਿਕ ਲਿੰਚ ਨੇ ਕਿਹਾ:**

"ਇਹ ਸ਼ਰਮਨਾਕ ਹੈ ਕਿ ਵਫ਼ਾਦਾਰ ਤੇ ਮੇਹਨਤੀ ਲੋਕ, ਜਿਨ੍ਹਾਂ ਨੇ ਸਾਡੇ ਆਵਾਜਾਈ ਜਾਲ ਨੂੰ ਚਲਾਇਆ ਰੱਖਿਆ, ਹੁਣ ਉਹਨਾਂ ਨੂੰ ਦੇਸ਼ ਛੱਡਣ ਲਈ ਕਿਹਾ ਜਾ ਰਿਹਾ ਹੈ। ਸਰਕਾਰ ਨੂੰ ਇਹ ਅਨਿਆਇ ਤੁਰੰਤ ਖਤਮ ਕਰਨਾ ਚਾਹੀਦਾ ਹੈ।"

ਇਸ ਅਪੀਲ ਦਾ ਸਮਰਥਨ ਕਰਦਿਆਂ, ਸੀਤਲ ਸਿੰਘ ਗਿੱਲ, ਜਨਰਲ ਸਕੱਤਰ ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਕਿਹਾ ਕਿ RMT ਦੀ ਕਾਰਵਾਈ "ਉਸ ਮਨੁੱਖੀ ਕੀਮਤ ਨੂੰ ਸਾਹਮਣੇ ਲਿਆਉਂਦੀ ਹੈ ਜੋ ਉਹ ਲੋਕ ਭੁਗਤ ਰਹੇ ਹਨ ਜਿਨ੍ਹਾਂ ਨੇ ਸਾਰੇ ਨਿਯਮ ਮੰਨੇ।"

"ਇਹ ਉਹ ਮੇਹਨਤੀ ਤੇ ਇਮਾਨਦਾਰ ਲੋਕ ਹਨ ਜੋ ਸਾਡੇ ਆਵਾਜਾਈ, ਕੇਅਰ ਤੇ ਸੇਵਾ ਖੇਤਰਾਂ ਨੂੰ ਚਲਾ ਰਹੇ ਹਨ," ਗਿੱਲ ਸਾਹਿਬ ਨੇ ਕਿਹਾ।




"ਉਹ ਟੈਕਸ ਭਰਦੇ ਹਨ, ਕਾਨੂੰਨ ਮੰਨਦੇ ਹਨ ਤੇ ਹਰ ਰੋਜ਼ ਬ੍ਰਿਟੇਨ ਦੀ ਤਰੱਕੀ ਵਿੱਚ ਯੋਗਦਾਨ ਪਾਉਂਦੇ ਹਨ, ਪਰ ਹੁਣ ਉਹਨਾਂ ਨੂੰ ਨਾਇਨਸਾਫ਼ ਵੀਜ਼ਾ ਤਬਦੀਲੀਆਂ ਕਾਰਨ ਡਿਪੋਰਟ ਕਰਨ ਦੀ ਧਮਕੀ ਦਿੱਤੀ ਜਾ ਰਹੀ ਹੈ। ਪਰਵਾਸੀ ਮਜ਼ਦੂਰਾਂ ਦੇ ਹੱਕਾਂ ਲਈ ਲੜਾਈ ਸਾਰੇ ਮਜ਼ਦੂਰਾਂ ਦੀ ਲੜਾਈ ਹੈ।"

ਆਵਾਜ਼ਿ ਕੌਮ AWAZE QAUM International Newspaper & WEB TV

IWA (72) ਨੇ ਚੇਤਾਵਨੀ ਦਿੱਤੀ ਕਿ ਇਸ ਸਾਲ ਲਿਆਂਦੀਆਂ ਇਮੀਗ੍ਰੇਸ਼ਨ ਤਬਦੀਲੀਆਂ ਨੇ ਵਿਦਿਆਰਥੀਆਂ, ਕੇਅਰ ਵਰਕਰਾਂ ਅਤੇ ਛੋਟੇ ਕਾਰੋਬਾਰਾਂ — ਖ਼ਾਸਕਰ 2,400 ਦੱਖਣੀ ਏਸ਼ੀਆਈ ਰੈਸਟੋਰੈਂਟਾਂ — ਉੱਤੇ ਗੰਭੀਰ ਅਸਰ ਪਾਇਆ ਹੈ।

**ਸੁਧਾਰ ਲਈ ਪੰਜ ਮੁੱਖ ਖੇਤਰ**

ਸੰਗਠਨ ਨੇ ਸਰਕਾਰ ਨੂੰ ਤੁਰੰਤ ਵਿਚਾਰ ਕਰਨ ਲਈ ਪੰਜ ਖੇਤਰ ਚੁਣੇ ਹਨ:

ਅੰਤਰਰਾਸ਼ਟਰੀ ਵਿਦਿਆਰਥੀਆਂ ਲਈ Graduate Route ਦੀ ਰੱਖਿਆ, ਜੋ ਸਾਲਾਨਾ £41.9 ਬਿਲੀਅਨ ਬ੍ਰਿਟੇਨ ਦੀ ਅਰਥਵਿਵਸਥਾ ਵਿੱਚ ਜੋੜਦੇ ਹਨ। ਪਰਵਾਸੀ ਮਜ਼ਦੂਰਾਂ ਦਾ ਸ਼ੋਸ਼ਣ ਰੋਕੋ, ਕਿਉਂਕਿ FOI ਰਿਪੋਰਟ ਮੁਤਾਬਕ ਸਿਰਫ਼ 3.4% ਸ਼ੋਸ਼ਿਤ ਕੇਅਰ ਵਰਕਰਾਂ ਨੂੰ ਹੀ ਨਵੀਂ ਨੌਕਰੀ ਮਿਲੀ। ਪਰਿਵਾਰਕ ਇਕਤਾ ਨੂੰ ਮਾਨਵ ਅਧਿਕਾਰ ਮੰਨੋ, ਕਿਉਂਕਿ £29,000 ਆਮਦਨੀ ਦੀ ਸ਼ਰਤ ਕਰਕੇ ਅੱਧੇ ਬ੍ਰਿਟਿਸ਼ ਮਜ਼ਦੂਰ ਆਪਣੇ ਪਰਿਵਾਰ ਨੂੰ ਨਹੀਂ ਬੁਲਾ ਸਕਦੇ। ਕੇਅਰ ਅਤੇ ਹੋਸਪਿਟਾਲਿਟੀ ਖੇਤਰਾਂ ਦੀ ਸੁਰੱਖਿਆ ਕਰੋ, ਕਿਉਂਕਿ ਵਿਦੇਸ਼ੀ ਸ਼ੈਫ਼ਾਂ ਤੇ ਕੇਅਰ ਵਰਕਰਾਂ 'ਤੇ ਪਾਬੰਦੀਆਂ ਨਾਲ ਕਮੀ ਵਧ ਰਹੀ ਹੈ। "Hostile Environment" ਖਤਮ ਕਰੋ, ਕਿਉਂਕਿ ਇਮੀਗ੍ਰੇਸ਼ਨ ਐਨਫੋਰਸਮੈਂਟ 40% ਤੱਕ ਵਧ ਗਿਆ ਹੈ, ਜੋ ਡਰ ਪੈਦਾ ਕਰ ਰਿਹਾ ਹੈ ਨਾ ਕਿ ਇਨਟਿਗਰੇਸ਼ਨ। ਗਿੱਲ ਸਾਹਿਬ ਨੇ ਕਿਹਾ ਕਿ IWA (72) ਟ੍ਰੇਡ ਯੂਨੀਅਨਾਂ, ਕਮੇਨਿਟੀ ਸਮੂਹਾਂ ਅਤੇ ਵਿਦਿਆਰਥੀ ਸੰਗਠਨਾਂ ਨਾਲ ਮਿਲ ਕੇ ਇੱਕ ਇਨਸਾਫ਼ਪੂਰਨ, ਪਾਰਦਰਸ਼ੀ ਤੇ ਇਨਸਾਨੀ ਇਮੀਗ੍ਰੇਸ਼ਨ ਨੀਤੀ ਲਈ ਜਾਰੀ ਲੜਾਈ ਜਾਰੀ ਰੱਖੇਗਾ। "ਪਰਵਾਸੀਆਂ ਨੇ ਇਸ ਦੇਸ਼ ਦੀ ਉਦਯੋਗਿਕ ਤਾਕਤ ਬਣਾਈ, ਲੋਕਾਂ ਦੀ ਸੇਵਾ ਕੀਤੀ ਅਤੇ ਇਸਦੀ ਸਭਿਆਚਾਰਕ ਵਿਰਾਸਤ ਨੂੰ ਸੰਵਾਰਿਆ," ਗਿੱਲ ਸਾਹਿਬ ਨੇ ਕਿਹਾ।

"ਬ੍ਰਿਟੇਨ ਨੂੰ ਡਰ ਨਹੀਂ, ਇਨਸਾਫ਼ ਚੁਣਨਾ ਚਾਹੀਦਾ ਹੈ। ਇਮੀਗ੍ਰੇਸ਼ਨ ਨੀਤੀ ਤੇ ਸੋਚ ਸਮਝ ਕੇ ਕਦਮ ਚੁੱਕੋ — ਤੁਸੀਂ ਇਸ ਦੇਸ਼ ਦੀ ਕਾਮਯਾਬੀ ਦੇ ਬੁਨਿਆਦੀ ਮੁੱਲਾਂ — ਵਿਵਿਧਤਾ, ਖੁੱਲ੍ਹੇਪਣ ਅਤੇ ਸ਼ਾਮਲਪਣ — ਨੂੰ ਖ਼ਤਰੇ ਵਿਚ ਪਾ ਸਕਦੇ ਹੋ।"

ਲੇਸਟਰ ਵਿੱਚ ਆਧਾਰਤ IWA (72) ਨੇ ਕਿਹਾ ਕਿ ਉਹ RMT ਅਤੇ ਹੋਰ ਯੂਨੀਅਨਾਂ ਨਾਲ ਮਿਲ ਕੇ ਹਰ ਮਜ਼ਦੂਰ ਦੀ ਇੱਜ਼ਤ ਤੇ ਹੱਕਾਂ ਦੀ ਰੱਖਿਆ ਲਈ ਸੰਗਰਸ਼ ਜਾਰੀ ਰੱਖੇਗਾ